JOSHI LAW OFFICE
Barrister, Solicitor & Notary Public
- Immigration
- Real Estate
- Commercial Law
- Affidavit
- Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON



ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post



SWITCH INSURANCE
AUTO, HOME & COMMERCIAL
- Commercial Vehicle Insurance
- Commercial Property Insurance
- Commercial General Liability (CGL)
- Rental Property
905-965-7474
www.SwitchInsurance.ca
7900 Hurontario St Suite 308, Brampton, ON L6Y 0P6



To view our online newspaper visit punjabipost.ca/epaper | Vol 22* Issue 84 | Friday, April 28, 2023 | Tel: 905-793-2202 | Fax: 905-793-2282 | news@punjabipost.ca ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ


## ਅੰਦਰ ਇਹ ਵੀ ਪੜ੍ਹੋ


**ਓਨਟਾਰੀਓ ਦੇ ਬੇਲ ਸਿਸਟਮ ਵਿੱਚ ਸੁਧਾਰ ਲਈ 112 ਮਿਲੀਅਨ ਡਾਲਰ ਖਰਚੇਗੀ ਫੋਰਡ ਸਰਕਾਰ**



ਪੰਨਾ 02

**ਅੱਜ ਦੇਸ਼ ਦੀ ਹਾਲਤ ਚਿੰਤਾ ਵਾਲੀ, ਅਗਲੇ ਸਾਲ ਤੱਕ ਚਿੰਤਾ ਛੱਡ ਦੇਣ ਵਾਲੀ ਜਾਪਣ ਲੱਗੇਗੀ !**

ਜਤਿੰਦਰ ਪਨੂੰ ਦੀ ਕਲਮ ਤੋਂ



ਪੰਨਾ 06

# ਨਿਵੇਸ਼ ਦੇ ਨਵੇਂ ਰਾਹ ਖੋਲ੍ਹਣ ਲਈ ਨਿਊਯਾਰਕ ਪਹੁੰਚੇ ਟਰੂਡੋ

ਨਿਊ ਯੌਰਕ, 27 ਅਪ੍ਰੈਲ (ਪੋਸਟ ਬਿਊਰੋ) : ਮਿਨਰਲਜ਼ ਦੇ ਮਾਮਲੇ ਵਿੱਚ ਕੈਨੇਡਾ ਨੂੰ ਅਮਰੀਕਾ ਦਾ ਭਾਈਵਾਲ ਬਣਾਉਣ ਲਈ ਤੇ ਨਿਵੇਸ਼ ਦੇ ਨਵੇਂ ਰਾਹ ਖੋਲ੍ਹਣ ਲਈ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਅੱਜ ਨਿਊ ਯੌਰਕ ਵਿੱਚ ਹਨ।



ਦੋਵਾਂ ਦੇਸ਼ਾਂ ਦੇ ਮਾਹਿਰ ਇਹ ਜਾਣਨ ਲਈ ਕਾਹਲੇ ਹਨ ਕਿ ਮਿਨਰਲ ਦੇ ਖੇਤਰ ਵਿੱਚ ਤੇਜ਼ੀ ਨਾਲ ਵਿਕਾਸ ਕਰਨ ਦਾ ਕੈਨੇਡਾ ਕੋਲ ਕੀ ਰਾਹ ਹੈ? ਸਾਬਕਾ ਡਿਪਲੋਮੈਟ ਲੂਈ ਬਲਾਇਸ, ਜੋ ਕਿ ਹੁਣ ਬਿਜ਼ਨਸ ਕਾਊਂਸਲ ਆਫ ਕੈਨੇਡਾ ਦੇ ਸੀਨੀਅਰ ਐਡਵਾਈਜ਼ਰ ਹਨ, ਦਾ ਕਹਿਣਾ ਹੈ ਕਿ ਇਨ੍ਹਾਂ ਖਣਿਜਾਂ ਨੂੰ ਜ਼ਮੀਨ ਤੋਂ ਬਾਹਰ ਕੱਢਣ ਲਈ ਪੂਰੀ ਯੋਜਨਾ ਉਲੀਕਣ ਦਾ ਸਮਾਂ ਆ ਗਿਆ ਹੈ।

ਟਰੂਡੋ ਨੂੰ ਆਸ ਹੈ ਕਿ ਇਸ ਖੇਤਰ ਵਿੱਚ ਅਮਰੀਕਾ ਨਿਵੇਸ਼ ਕਰਨ ਲਈ ਸਹਿਜੇ ਹੀ ਰਾਜ਼ੀ ਹੋ ਜਾਵੇਗਾ। ਜ਼ਿਕਰਯੋਗ ਹੈ ਕਿ ਮਾਹਿਰਾਂ ਦਾ ਵੀ ਇਹ ਮੰਨਣਾ ਹੈ ਕਿ ਪਿਛਲੇ ਮਹੀਨੇ ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਇਡਨ ਵੱਲੋਂ ਕੈਨੇਡਾ ਦੇ ਕੀਤੇ ਗਏ ਦੌਰੇ ਕਾਰਨ ਵੀ ਇਸ ਪਾਸੇ ਹਵਾ ਦਾ ਰੁਖ ਸਕਾਰਾਤਮਕ ਨਜ਼ਰ ਆ ਰਿਹਾ ਹੈ। ਅੱਜ ਟਰੂਡੋ ਗਲੋਬਲ ਸਿਟੀਜ਼ਨ ਨਾਓ ਦੀ ਹੋਣ ਵਾਲੀ ਸਾਲਾਨਾ ਸਿਖਰ ਵਾਰਤਾ ਵਿੱਚ ਹਿੱਸਾ ਲੈਣਗੇ। ਇਸ ਤੋਂ ਇਲਾਵਾ ਟਰੂਡੋ ਵਿਕਾਸ ਲਈ ਸੰਯੁਕਤ ਰਾਸ਼ਟਰ ਦੀ ਟਾਸਕ ਫੋਰਸ ਨਾਲ ਮੁਲਾਕਾਤ ਕਰਨਗੇ ਤੇ ਇਨਫਲੂਐਂਸ਼ਲ ਕਾਊਂਸਲ ਆਨ ਫੌਰਨ ਰਿਲੇਸ਼ਨਜ਼ ਦੇ ਥਿੰਕ ਟੈਂਕ ਨਾਲ ਵੀ ਗੱਲਬਾਤ ਕਰਨਗੇ।

# ਆਨਲਾਈਨ ਸਟਰੀਮਿੰਗ ਬਿੱਲ ਸੀ-11 ਪਾਰਲੀਆਮੈਂਟ ਵਿਚ ਹੋਇਆ ਪਾਸ

ਓਟਵਾ, 27 ਅਪਰੈਲ (ਪੋਸਟ ਬਿਊਰੋ) : ਕਈ ਸਾਲਾਂ ਤੱਕ ਸਿਆਸੀ ਵਿਰੋਧ ਤੇ ਪਾਰਲੀਆਮੈਂਟਰੀ ਘੋਖ ਦਾ ਸਾਹਮਣਾ ਕਰਨ ਤੋਂ ਬਾਅਦ ਫੈਡਰਲ ਲਿਬਰਲ ਸਰਕਾਰ ਦਾ ਆਨਲਾਈਨ ਸਟਰੀਮਿੰਗ ਐਕਟ, ਜਿਸ ਨੂੰ ਬਿੱਲ ਸੀ-11 ਵਜੋਂ ਵੀ ਜਾਣਿਆ ਜਾਂਦਾ ਹੈ, ਸੈਨੇਟ ਵਿੱਚ ਪਾਸ ਹੋ ਗਿਆ। ਸ਼ਾਹੀ ਮੋਹਰ ਲੱਗਣ ਤੋਂ ਬਾਅਦ ਹੁਣ ਇਹ ਬਿੱਲ ਕਾਨੂੰਨ ਦਾ ਰੂਪ ਲੈ ਲਵੇਗਾ।

ਵੀਰਵਾਰ ਸ਼ਾਮ ਨੂੰ ਬਿੱਲ ਸੀ-11 ਨੂੰ ਸੈਨੇਟ ਵੱਲੋਂ ਹਰੀ ਝੰਡੀ ਦੇ ਦਿੱਤੀ ਗਈ। ਕੈਨੇਡੀਅਨ ਹੈਰੀਟੇਜ ਮੰਤਰੀ ਪਾਬਲੋ ਰੌਡਰਿੱਗਜ਼ ਵੱਲੋਂ ਸਪਾਂਸਰ ਇਸ ਬਿੱਲ ਨੂੰ ਕੁੱਝ ਸੋਧਾਂ ਤੋਂ ਬਾਅਦ ਸੈਨੇਟਰਜ਼ ਨੇ ਪਾਸ ਕਰ ਦਿੱਤਾ। ਜ਼ਿਕਰਯੋਗ ਹੈ ਕਿ 1991 ਤੋਂ ਬਾਅਦ ਪਹਿਲੀ ਵਾਰੀ ਬਰੌਡਕਾਸਟਿੰਗ



ਐਕਟ ਵਿੱਚ ਸੁਧਾਰ ਲਈ ਰਾਹ ਪੱਧਰਾ ਹੋਇਆ ਹੈ ਤੇ ਇਸ ਦੌਰਾਨ ਆਨਲਾਈਨ ਕੰਟੈਂਟ ਬਾਰੇ ਵੀ ਵਿਚਾਰ ਵਟਾਂਦਰਾ ਕੀਤਾ ਜਾ ਸਕੇਗਾ। ਬਹੁਗਿਣਤੀ ਐਮਪੀਜ਼ ਵੱਲੋਂ ਪਿਛਲੇ ਮਹੀਨੇ ਹੀ ਇਸ ਬਿੱਲ ਨੂੰ ਪਾਸ ਕਰ ਦਿੱਤਾ ਗਿਆ ਸੀ ਜਦਕਿ ਸੈਨੇਟਰਜ਼ ਵਿੱਚੋਂ 16 ਦੇ ਮੁਕਾਬਲੇ 52 ਵੋਟਾਂ ਹਾਸਲ ਕਰਕੇ ਇਹ ਬਿੱਲ ਅੱਜ ਪਾਸ ਹੋਇਆ।

ਇਸ ਬਿੱਲ ਦੇ ਪਾਸ ਹੋਣ ਨਾਲ ਨੈੱਟਫਲਿਕਸ ਤੇ ਯੂਟਿਊਬ ਵਰਗੇ ਡਿਜੀਟਲ ਪਲੇਟਫਾਰਮਜ਼ ਨੂੰ ਹੁਣ ਕੈਨੇਡੀਅਨ ਵਿਸ਼ੇ ਲਈ ਵੀ ਵਿੱਤੀ ਤੌਰ ਉੱਤੇ ਯੋਗਦਾਨ ਪਾਉਣਾ ਹੋਵੇਗਾ। ਇਸ ਬਿੱਲ ਦੇ ਪਾਸ ਹੋਣ ਨਾਲ ਆਨਲਾਈਨ ਸਟਰੀਮਿੰਗ ਪਲੇਟਫਾਰਮਜ਼ ਹੁਣ ਕੈਨੇਡੀਅਨ ਰੇਡੀਓ ਟੈਲੀਵਿਜ਼ਨ ਐਂਡ ਟੈਲੀਕਮਿਊਨਿਕੇਸ਼ਨਜ਼ ਕਮਿਸ਼ਨ ਵਰਗੀ ਰੈਗੂਲੇਟਰੀ ਅਥਾਰਟੀ ਤਹਿਤ ਆ ਜਾਣਗੇ। ਇਸ ਤਹਿਤ ਕੈਨੇਡਾ ਦੇ ਯੂਜ਼ਰਜ਼ ਲਈ ਜੇ ਇਹ ਡਿਜੀਟਲ ਪਲੇਟਫਾਰਮਜ਼ ਕੈਨੇਡੀਅਨ ਕੰਟੈਂਟ ਪੇਸ਼ ਨਹੀਂ ਕਰਦੇ ਤਾਂ ਉਨ੍ਹਾਂ ਨੂੰ ਜੁਰਮਾਨੇ ਵੀ ਭਰਨੇ ਪੈ ਸਕਦੇ ਹਨ।

# ਸਿਆਸਤ ਦੇ ਬਾਬਾ ਬੋਹੜ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਹੰਝੂਆਂ ਭਰੀ ਵਿਦਾਇਗੀ

ਸ੍ਰੀ ਮੁਕਤਸਰ ਸਾਹਿਬ, 27 ਅਪ੍ਰੈਲ (ਪੋਸਟ ਬਿਊਰੋ): ਭਾਰਤੀ ਸਿਆਸਤ ਦੇ ਬਾਬਾ ਬੋਹੜ ਅਤੇ ਪੰਜਾਬ ਦੇ ਪੰਜ ਵਾਰ ਮੁੱਖ ਮੰਤਰੀ ਰਹਿ ਚੁੱਕੇ ਪ੍ਰਕਾਸ਼ ਸਿੰਘ ਬਾਦਲ ਨੂੰ ਪੰਜਾਬ ਦੀਆਂ ਅਹਿਮ ਸਿਆਸੀ, ਧਾਰਮਿਕ ਅਤੇ ਸਮਾਜਿਕ ਸ਼ਖ਼ਸੀਅਤਾਂ ਤੋਂ ਇਲਾਵਾ ਹਜ਼ਾਰਾਂ ਦੀ ਤਦਾਦ ਵਿੱਚ ਇਲਾਕਾ ਵਾਸੀਆਂ ਦੀ ਮੌਜੂਦਗੀ ਵਿੱਚ ਹੰਝੂਆਂ ਭਰੀ ਅੰਤਿਮ ਵਿਦਾਇਗੀ ਦਿੱਤੀ ਗਈ। ਅੱਜ ਬਾਅਦ ਦੁਪਹਿਰ ਕਰੀਬ ਢਾਈ ਵਜੇ ਉਨ੍ਹਾਂ ਦੇ ਜੱਦੀ ਪਿੰਡ ਬਾਦਲ ਵਿੱਚ ਜਦੋਂ ਪੂਰੇ ਧਾਰਮਿਕ ਰੀਤੀ ਰਿਵਾਜਾਂ ਅਤੇ ਸਰਕਾਰੀ ਸਨਮਾਨਾਂ ਨਾਲ ਅੰਤਿਮ ਸੰਸਕਾਰ ਕੀਤਾ ਗਿਆ ਤਾਂ ਮੌਕੇ ਤੇ ਮੌਜੂਦ ਹਰ ਕੋਈ ਗ਼ਮਗੀਨ ਸੀ। ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦਾ ਬੀਤੀ 25 ਅਪ੍ਰੈਲ ਦੀ ਰਾਤ 8 ਵਜੇ ਮੁਹਾਲੀ ਦੇ ਫੋਰਟਿਸ ਹਸਪਤਾਲ ਵਿਚ ਦਿਹਾਂਤ ਹੋ ਗਿਆ ਸੀ।



ਉਨ੍ਹਾਂ ਦੀ ਚਿਖਾ ਨੂੰ ਅਗਨੀ ਉਨ੍ਹਾਂ ਦੇ ਸਪੁੱਤਰ ਸੁਖਬੀਰ ਸਿੰਘ ਬਾਦਲ ਨੇ ਦਿਖਾਈ। ਉਨ੍ਹਾਂ ਦੀ ਅੰਤਿਮ ਯਾਤਰਾ ਘਰ ਤੋਂ ਸ਼ੁਰੂ ਹੋਣ ਸਮੇਂ ਉਨ੍ਹਾਂ ਦੇ ਸਪੁੱਤਰ ਸੁਖਬੀਰ ਸਿੰਘ ਬਾਦਲ ਤੇ ਭਤੀਜੇ ਮਨਪ੍ਰੀਤ ਸਿੰਘ ਬਾਦਲ ਨੇ ਅਰਥੀ ਨੂੰ ਮੋਢਾ ਦਿੱਤਾ।

...ਬਾਕੀ ਪੰਨਾ 8 'ਤੇ

# ਪਹਿਲੀ ਤੋਂ 7 ਮਈ ਤੱਕ ਮਿਸੀਸਾਗਾ ਵਿੱਚ ਮਨਾਇਆ ਜਾਵੇਗਾ ਨੈਸ਼ਨਲ ਯੂਥ ਵੀਕ

ਮਿਸੀਸਾਗਾ, 27 ਅਪਰੈਲ (ਪੋਸਟ ਬਿਊਰੋ) : ਨੈਸ਼ਨਲ ਯੂਥ ਵੀਕ (ਐਨਵਾਇਡਬਲਿਊ) ਇੱਕ ਵਾਰੀ ਫਿਰ ਮਿਸੀਸਾਗਾ ਵਿੱਚ ਸ਼ੁਰੂ ਹੋਣ ਜਾ ਰਿਹਾ ਹੈ। ਇਸ ਦੌਰਾਨ ਸਿਟੀ ਦੀਆਂ ਵੱਖ ਵੱਖ ਲੋਕੇਸ਼ਨਜ਼ ਉੱਤੇ ਕਈ ਤਰ੍ਹਾਂ ਦੇ ਈਵੈਂਟਸ ਤੇ ਗਤੀਵਿਧੀਆਂ ਮੁਫਤ ਵਿੱਚ ਕਰਵਾਈਆਂ ਜਾਣਗੀਆਂ।




ਪਹਿਲੀ ਮਈ ਤੋਂ 7 ਮਈ ਤੱਕ ਚੱਲਣ ਵਾਲੇ ਇਸ ਨੈਸ਼ਨਲ ਯੂਥ ਵੀਕ ਵਿੱਚ ਹਿੱਸਾ ਲੈਣ ਲਈ ਨੌਜਵਾਨਾਂ ਨੂੰ ਆਨਲਾਈਨ ਜਾਂ ਇਨ-ਪਰਸਨ ਸਾਈਨ-ਅੱਪ ਕਰਨ ਲਈ ਹੱਲਾਸ਼ੇਰੀ ਦਿੱਤੀ ਜਾ ਰਹੀ ਹੈ। ਇਸ ਸਾਲ ਬਹੁਤਾ ਧਿਆਨ ਆਰਟਸ, ਐਨਵਾਇਰਮੈਂਟ, ਲਿਟਰੇਸੀ ਤੇ ਰੀਕ੍ਰਿਏਸ਼ਨ ਉੱਤੇ ਦਿੱਤਾ ਗਿਆ ਹੈ। ਇਸ ਤੋਂ ਇਲਾਵਾ 12 ਤੋਂ 16 ਸਾਲ ਦੇ ਯੂਥ ਸਾਗਾ ਸਮਰ ਪਾਸ ਲਈ ਖੁਦ ਨੂੰ ਰਜਿਸਟਰ ਕਰ ਸਕਦੇ ਹਨ। ਇਸ ਨਾਲ ਇਨ੍ਹਾਂ ਨੂੰ ਮਾਈਵੇਅ (MiWay) ਤੱਕ ਮੁਫਤ ਪਹੁੰਚ ਮਿਲ ਜਾਵੇਗੀ ਤੇ ਇਸ ਦੇ ਨਾਲ ਹੀ ਉਹ ਮਿਸੀਸਾਗਾ ਦੇ ਪੂਲਜ਼ ਤੇ ਫਿਟਨੈੱਸ ਸੈਂਟਰਾਂ ਦੀਆਂ ਗਤੀਵਿਧੀਆਂ ਵਿੱਚ ਵੀ ਸ਼ਾਮਲ ਹੋ ਸਕਣਗੇ। ਇਸ ਸਬੰਧੀ ਵੇਰਵੇ ਹੇਠ ਲਿਖੇ ਅਨੁਸਾਰ ਹਨ :

ਕੀ : ਨੈਸ਼ਨਲ ਯੂਥ ਵੀਕ 2023

ਕੌਣ : 12 ਤੋਂ 24 ਸਾਲ ਦਰਮਿਆਨ ਉਮਰ ਵਰਗ ਦੇ ਮਿਸੀਸਾਗਾ ਦੇ ਯੂਥ

ਕਿੱਥੇ: ਇਸ ਲਈ mississauga.ca/NYW905 ਉੱਤੇ ਆਨਲਾਈਨ ਰਜਿਸਟਰ ਕਰਵਾ ਸਕਦੇ ਹੋਂ ਤੇ ਪ੍ਰੋਗਰਾਮਾਂ ਦਾ ਵੀ ਪਤਾ ਲਾ ਸਕਦੇ ਹੋਂ।

ਕਿਹੜੀਆਂ ਗਤੀਵਿਧੀਆਂ ਕਰਵਾਈਆਂ ਜਾਣਗੀਆਂ : ਐਸਕੇਪ ਰੂਮ, ਬਾਸਕਿਟਬਾਲ ਟੂਰਨਾਮੈਂਟ, ਸਿਟੀ ਦੇ ਯੂਥ ਪੋਇਟ ਲਾਰੇਟ ਨਾਲ ਓਪਨ ਮਾਈਕ, ਯੂਥ ਬੂਟ ਕੈਂਪ, ਟੀਨ ਗੇਮਿੰਗ ਸਬੰਧੀ ਮੌਕੇ

ਕਦੋਂ : ਪਹਿਲੀ ਤੋਂ 7 ਮਈ, 2023 ਤੱਕ, ਕੌਸਟ : ਫਰੀ


NOW HIRING !!!
ALLKIND INSURANCE
- Life Insurance
- Critical illness Ins
- Travel & Visitor Ins
- RESP & TFSA & RRSP
- Super Visa Insurance
- Mortgage Insurance
- Disability Insurance
- Funeral Insurance
SIMRAN SAINI 416.994.7272
www.allkindinsurance.com

INSURANCE
- Home
- Business
- Life Insurance
- Auto
- Trucking
- Commercial
647-206-2452 Sukhwinder K Singh
CONNEX 7050A Bramalea Rd, Unit # 13, Mississauga, ON L5S 1T1

SUPER VISA INSURANCE EXPERTS
7003 Steeles Ave. W, Unit 10, Etobicoke, ON, M9W 0A2
gill@punjabinsurance.ca | topinsuranceservices.ca
Punjab Insurance Inc
- Disability Insurance
- Mortgage Insurance
- Life Insurance
- Visitor & Travel Insurance
- RESP(Education Plan)
- Critical Illness Insurance
RANJIT GILL Insurance Advisor 416-724-5000

GURBIR CHAHAL
Sales Representative
416.566.7605
gurbir.chahal@yahoo.com
ROYAL LEPAGE Flower City Realty Off: 905.230.3100

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6 Brampton, ON, L6P 3W4
Aman Sharma Open Saturday
Providing excellent quality legal services to our clients

KELLEY LAW OFFICE
- Immigration
- Family Law
- Corporate
- Real Estate
- Business Closing
- Wills & Estate
- Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley Barrister, Solicitor & Notary Public
905-362-0755

Royal Pest Control
Residential Commercial Industrial
Specialist in Bedbugs Service
All Pest Control :
- Mouse & Rats
- Cockroaches
- Spiders & Fleas
- Carpenter Ants
- Bedbugs
- Silver Fish
- Wasps
- Racoons
Call : PARESH PATEL (Government Approved Licensed Technician)
416 938 4598

A-One Drivers TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
- ਮੁਫਤ ਪਿਕਅਪ ਅਤੇ ਡਰਾਪ ਆਫ
- ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਉਂਟ ਸਰਟੀਫਿਕੇਟ
- ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
- ਵਾਜਿਬ ਕੀਮਤ
ਲੇਡੀ ਇੰਸਟ੍ਰਕਟਰ
647-998-7500 ਬਲਵਿੰਦਰ

$3199 BASEMENT DEAL
SPRING SALE MEGA SAVING
DELIVERY INCLUDED WITHIN GTA
FREE DELIVERY
$1499
$4649
KitchenAid moffat MAYTAG LG SAMSUNG Electrolux JENNAIR BOSCH Whirlpool
416-551-5553 WWW.OURRHOMEAPPLIANCES.COM

AUTO & HOME INSURANCE
- Super visa Insurance
- Life & Disability
- Critical illness
- RESP
- Visitor & Travel insurance
(416-845-1352) Manwinder Mangat
Axael InsuranceBrokers Ltd. 1332 Khalsa Dr, Unit # 11, Mississauga, ON L5S 0A2

HELPING YOU PLAN TODAY...FOR TOMORROW
- Supervisa / Visitor Insurance
- Life /Mortgage/Funeral Insurance
- Disability Insurance
- Critical Illness Insurance
- RESP /RRSP
www.ufsinsurance.com
JATINDERBIR S BAJWA Insurance Broker
Dir: 647-928-4990
# 25-831 Bovaird Dr. W. Brampton, ON L6X0T9 | www.ufsinsurance.com

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
- ਪਾਵਰ ਆਫ ਸੇਲ ਨੋਟਿਸ ?
- ਗਾਰਨਿਸ਼ਮੈਂਟ?
- ਬੈਂਕ ਵਲੋਂ ਪੈਸੇ ਦੀ ਮੰਗ ?
- ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100 Unit #20 - 7015 Tranmere Drive Mississauga, ON L5S 1T7

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
Avon Financial Inc. Brokerage Lic 12538
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

MANN LAW FIRM
- Real Estate Law
- Wills & Estates
- Power of Attorney
- Affidavits Notarization / Declaration
- Business Law
- Family Law
- Civil Litigation
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333 www.mannlawfirm.ca

URGENTLY NEED NEW LISTINGS IN BRAMPTON/CALEDON



visit: www.teamjagaujla.com

ADVERTISEMENT GUARANTEED TILL SOLD

JAG AUJLA
MCNE, REAL ESTATE BROKER
416-371-7777
e-mail: j.aujla@rogers.com or visit: www.jagaujla.com


MCNE

CALL JAG AUJLA FOR A QUICK & FREE HOME EVALUATION

www.BramptonTopRealtor.com

RECENTLY LISTED/SOLD IN YOUR NEIGHBOURHOOD

**Hwy 7/ Churchill Rd/Tanners Dr**



ਵਧੀਆ ਲੋਕੇਸ਼ਨ, ਡਬਲ ਸਟੋਰੀ ਘਰ, 3400 ਸਕੇਅਰ ਫੁਟ, 3 ਖੁਲੇ-ਡੁਲੇ ਬੈਡਰੂਮ, ਫਿਨੀਸ਼ਡ ਬੈਸਮੈਂਟ, ਸਟੋਨ ਪੈਟਿਓ, ਪਾਵਰ ਗਰਾਜ਼ ਤੇ ਹੋਰ ਵੀ ਬਹੁਤ ਕੁਝ, ਅੱਜ ਹੀ ਸੰਪਰਕ ਕਰੋ।

**Mclaughlin Rd & Steeles Ave**



ਸੋਹਣਾ ਤੇ ਸਾਫ ਸੁਧਰਾ, ਮਾਡਰਨ ਲੇਆਉਟ, 3515 ਸਕੇਅਰ ਫੁਟ ਵਿਚ 4 + 2 ਬੈਡਰੂਮ ਤੇ 5 ਵਾਸ਼ਰੂਮ ਦਾ ਘਰ, ਲੈਮੀਨੇਟ ਫਲੋਰ, ਨਵੇ ਰੂਫ ਸ਼ਿੰਗਲ, ਪਿਛਲੇ ਸਾਲ ਬਣੀ ਬੈਸਮੈਂਟ। ਸੰਪਰਕ ਕਰੋ

**Wanless /Queen Mary /Mclaughlin**



2016 ਵਿਚ ਬਣਿਆ, ਡਬਲ ਡੋਰ ਗਰਾਜ਼, 4364 ਸਕੇਅਰ ਫੁਟ, 4 ਖੁਲੇ-ਡੁਲੇ ਬੈਡਰੂਮ ਤੇ 5 ਵਾਸ਼ਰੂਮ, ਫਿਨੀਸ਼ਡ ਬੈਸਮੈਂਟ ਜਿਸ ਨੂੰ ਸੈਪਰੇਟ ਏਨੰਟਰੈਂਸ ਤੇ 2 ਬੈਡਰੂਮ ਲਈ ਸੰਪਰਕ ਕਰੋ।

**Chinguacousy & Bovaird**



ਸ਼ਾਨਦਾਰ ਤੇ ਸਾਫ ਸੁਧਰਾ, ਮਾਡਰਨ ਲੇਆਓਟ ਵਿਚ 4 ਬੈਡਰੂਮ ਤੇ 4 ਵਾਸ਼ਰੂਮ ਦਾ ਘਰ, ਲੈਮੀਨੇਟ ਫਲੋਰ, ਅਪਗ੍ਰੇਡਡ ਕਿਚਨ, ਫਿਨੀਸ਼ ਬੈਸਮੈਂਟ ਤੇ ਹੋਰ ਵੀ ਕਈ ਅਪਗ੍ਰੇਡਜ਼, ਸੰਪਰਕ ਕਰੋ।

FREE
- Full MLS services
- Consistent marketing until your property is sold
- Staging consultation
- Billboard, flyer
- Online Promotion
- Professional pictures & virtual tour
- Social media & radio advertisement
- Open house till sold
- Competitive rates, exceptional service & award winning results

RE/MAX REALTY SPECIALISTS INC.
Ph:905-456-3232 **Based on units sold & commissions **Some conditions apply
*Seller & Jag Aujla Broker of RE/MAX Realty Specialist Inc. must agree on the terms & conditions, closing date and listing price at the time of listing. Guaranteed program only for peel region homes under $1 million price.

Call: JAG AUJLA Dir: 416-371-7777
MCNE, Real Estate Broker
NOT INTENDED TO SOLICIT BUYERS OR SELLERS CURRENTLY UNDER CONTRACT

# ਓਨਟਾਰੀਓ ਦੇ ਬੇਲ ਸਿਸਟਮ ਵਿੱਚ ਸੁਧਾਰ ਲਈ 112 ਮਿਲੀਅਨ ਡਾਲਰ ਖਰਚੇਗੀ ਫੋਰਡ ਸਰਕਾਰ

ਓਨਟਾਰੀਓ, 27 ਅਪ੍ਰੈਲ (ਪੋਸਟ ਬਿਊਰੋ) : ਪ੍ਰੋਵਿੰਸ ਦੇ ਬੇਲ ਸਿਸਟਮ ਨੂੰ ਸੁਧਾਰਨ ਲਈ ਓਨਟਾਰੀਓ ਸਰਕਾਰ ਵੱਲੋਂ ਕਈ ਮਿਲੀਅਨ ਡਾਲਰ ਦਾ ਨਿਵੇਸ਼ ਕੀਤਾ ਜਾ ਰਿਹਾ ਹੈ। ਅਜਿਹਾ ਕਰਕੇ ਸਰਕਾਰ ਇਹ ਯਕੀਨੀ ਬਣਾਉਣਾ ਚਾਹੁੰਦੀ ਹੈ ਕਿ ਹਾਈ ਰਿਸਕ ਮੁਜਰਮ ਤੇ ਹਿੰਸਕ ਜੁਰਮਾਂ ਨੂੰ ਦੁਹਰਾਉਣ ਵਾਲੀ ਮਾਨਸਿਕਤਾ ਰੱਖਣ ਵਾਲੇ ਮੁਜਰਮਾਂ ਨੂੰ ਦਿੱਤੀ ਜਾਣ ਵਾਲੀ ਜ਼ਮਾਨਤ ਦੀਆਂ ਸਾਰੀਆਂ ਸ਼ਰਤਾਂ ਉਹ ਪੂਰੀਆਂ ਕਰਨ।



ਵੀਰਵਾਰ ਨੂੰ ਪ੍ਰੀਮੀਅਰ ਡੱਗ ਫੋਰਡ ਨੇ ਐਲਾਨ ਕੀਤਾ ਕਿ ਹਿੰਸਕ ਜੁਰਮ ਸਬੰਧੀ ਬੇਲ ਟੀਮਜ਼ ਕਾਇਮ ਕਰਨ, ਨਵੀਂ ਤਕਨਾਲੋਜੀ ਲਿਆਉਣ, ਗੁੰਝਲਦਾਰ ਜ਼ਮਾਨਤ ਦੀ ਸੁਣਵਾਈ ਲਈ ਪ੍ਰੌਸਿਕਿਊਟਰਜ਼ ਨੂੰ ਸਰੋਤ ਮੁਹੱਈਆ ਕਰਵਾਉਣ ਦੇ ਨਾਲ ਨਾਲ ਓਨਟਾਰੀਓ ਪ੍ਰੋਵਿੰਸ਼ੀਅਲ ਪੁਲਿਸ (ਓਪੀਪੀ) ਦੀ ਰਪੀਟ ਓਫੈਂਡਰ ਪੈਰੋਲ ਐਨਫੋਰਸਮੈਂਟ (ਰੋਪ) ਸਕੁਐਡ ਨੂੰ ਹੱਲਾਸ਼ੇਰੀ ਦੇਣ ਲਈ 112 ਮਿਲੀਅਨ ਡਾਲਰ ਨਿਵੇਸ਼ ਕੀਤੇ ਜਾਣਗੇ।

ਫੋਰਡ ਨੇ ਆਖਿਆ ਕਿ ਸਾਨੂੰ ਜ਼ਮਾਨਤ ਸਬੰਧੀ ਸੁਧਾਰਾਂ ਦੀ ਫੌਰੀ ਲੋੜ ਹੈ। ਅਸੀਂ ਨਿੱਤ ਵੇਖਦੇ ਹਾਂ ਕਿ ਖਤਰਨਾਕ ਮੁਜਰਮਾਂ ਹੱਥੋਂ ਭੋਲੇ ਭਾਲੇ ਤੇ ਬੇਕਸੂਰ ਲੋਕ ਕਿਵੇਂ ਆਪਣੀ ਜਾਨ ਗੁਆ ਬੈਠਦੇ ਹਨ। ਅਸੀਂ ਇਹ ਯਕੀਨੀ ਬਣਾਉਣਾ ਚਾਹੁੰਦੇ ਹਾਂ ਕਿ ਖਤਰਨਾਕ ਮੁਜਰਮਾਂ ਨੂੰ ਸਲਾਖਾਂ ਪਿੱਛੇ ਕੈਦ ਕਰਕੇ ਰੱਖਿਆ ਜਾ ਸਕੇ ਤਾਂ ਕਿ ਸਾਡੀਆਂ ਸੜਕਾਂ ਤੋਂ ਮੌਤ ਦਾ ਨੰਗਾ ਨਾਚ ਬੰਦ ਹੋ ਸਕੇ।

ਨਵੇਂ ਬੇਲ ਕੰਪਲਾਇੰਸ ਐਂਡ ਵਾਰੰਟ ਐਪਰੀਹੈਂਸ਼ਨ ਗ੍ਰਾਂਟ ਲਈ ਤਿੰਨ ਸਾਲਾਂ ਵਾਸਤੇ ਪੁਲਿਸ ਸਰਵਿਸਿਜ਼ ਨੂੰ 24 ਮਿਲੀਅਨ ਡਾਲਰ ਦਿੱਤੇ ਜਾਣਗੇ ਜਿਸ ਨਾਲ ਸਮਰਪਿਤ ਬੇਲ ਕੰਪਲਾਇੰਸ ਟੀਮਾਂ ਕਾਇਮ ਕੀਤੀਆਂ ਜਾਣਗੀਆਂ। ਬੇਲ ਕੰਪਲਾਇੰਸ ਯੂਨਿਟ ਕਾਇਮ ਕਰਨ ਲਈ ਓਪੀਪੀ ਦੀ ਰੋਪ ਸਕੁਐਡ ਨੂੰ 48 ਮਿਲੀਅਨ ਡਾਲਰ ਦਿੱਤੇ ਜਾਣਗੇ। ਇਸ ਨਾਲ ਉਨ੍ਹਾਂ ਮੁਜਰਮਾਂ ਉੱਤੇ ਧਿਆਨ ਕੇਂਦਰਿਤ ਕੀਤਾ ਜਾ ਸਕੇਗਾ ਜਿਹੜੇ ਜ਼ਮਾਨਤ ਦੀਆਂ ਸ਼ਰਤਾਂ ਪੂਰੀਆਂ ਨਹੀਂ ਕਰਦੇ ਜਾਂ ਫਰਾਰ ਹੋ ਜਾਂਦੇ ਹਨ।

ਇਸ ਦੇ ਨਾਲ ਹੀ ਪ੍ਰੋਵਿੰਸ ਵੱਲੋਂ ਇੰਟੈਂਸਿਵ ਸੀਰੀਅਸ ਵਾਇਲੈਂਟ ਕ੍ਰਾਈਮ ਬੇਲ ਟੀਮਾਂ ਕਾਇਮ ਕਰਨ ਲਈ 26 ਮਿਲੀਅਨ ਡਾਲਰ ਨਿਵੇਸ਼ ਕੀਤੇ ਜਾਣਗੇ। ਇਸ ਨਾਲ ਜ਼ਮਾਨਤ ਸਬੰਧੀ ਸੁਣਵਾਈ ਲਈ ਪ੍ਰੌਸੀਕਿਊਟਰਜ਼ ਨੂੰ ਤਿਆਰੀ ਕਰਨ ਵਿੱਚ ਮਦਦ ਮੁਹੱਈਆ ਕਰਵਾਈ ਜਾਵੇਗੀ ਅਤੇ ਬੇਲ ਕੰਪਲਾਇੰਸ ਡੈਸ਼ਬੋਰਡ ਰਾਹੀਂ ਓਨਟਾਰੀਓ ਭਰ ਵਿੱਚ ਨਵਾਂ ਬੇਲ ਮਾਨੀਟਰਿੰਗ ਸਿਸਟਮ ਕਾਇਮ ਕੀਤਾ ਜਾਵੇਗਾ।

# ਨੇਵੀ ਲਈ ਰੂਸ ਅਤੇ ਅਮਰੀਕਾ ਤੋਂ ਮਿਜ਼ਾਈਲ ਸਿਸਟਮ ਖਰੀਦੇਗਾ ਭਾਰਤ

* 80 ਮਿਲੀਅਨ ਡਾਲਰ ਖਰਚਣ ਦੀ ਉਮੀਦ



ਨਵੀਂ ਦਿੱਲੀ, 27 ਅਪ੍ਰੈਲ (ਪੋਸਟ ਬਿਊਰੋ): ਯੂਕਰੇਨ ਨੂੰ ਲੈ ਕੇ ਅਮਰੀਕਾ ਅਤੇ ਰੂਸ ਵਿਚਾਲੇ ਟਕਰਾਅ ਹੋਣ ਕਾਰਨ ਭਾਰਤ ਨੇ ਦੋਵਾਂ ਦੇਸ਼ਾਂ ਤੋਂ 20 ਕਰੋੜ ਡਾਲਰ (ਲਗਭਗ 1,600 ਕਰੋੜ ਰੁਪਏ) ਵਿਚ ਆਪਣੀ ਜਲ ਸੈਨਾ ਲਈ ਮਿਜ਼ਾਈਲ ਸਿਸਟਮ ਖਰੀਦਣ ਦੀ ਯੋਜਨਾ ਬਣਾਈ ਹੈ।

ਰੱਖਿਆ ਬਲਾਂ ਵੱਲੋਂ ਪੇਸ਼ ਪ੍ਰਸਤਾਵ ਰੱਖਿਆ ਮੰਤਰਾਲੇ 'ਚ ਚਰਚਾ ਦੇ ਆਖਰੀ ਪੜਾਅ 'ਤੇ ਹੈ। ਇਸ ਅਨੁਸਾਰ, ਭਾਰਤੀ ਜਲ ਸੈਨਾ ਨੇ ਰੂਸ ਤੋਂ 20 ਤੋਂ ਵੱਧ ਕਲੱਬ ਐਂਟੀ-ਸ਼ਿਪ ਕਰੂਜ਼ ਮਿਜ਼ਾਈਲਾਂ ਅਤੇ ਅਮਰੀਕੀ ਤੋਂ ਹਾਰਪੂਨ ਐਂਟੀ-ਸ਼ਿਪ ਮਿਜ਼ਾਈਲ ਪ੍ਰਣਾਲੀ ਲਈ ਉਪਕਰਨ ਹਾਸਲ ਕਰਨ ਦਾ ਪ੍ਰਸਤਾਵ ਰੱਖਿਆ ਹੈ।

ਰੱਖਿਆ ਸੂਤਰਾਂ ਨੇ ਦੱਸਿਆ ਕਿ ਕਲੱਬ ਮਿਜ਼ਾਈਲ ਨੂੰ ਜੰਗੀ ਜਹਾਜ਼ਾਂ ਅਤੇ ਪਣਡੁੱਬੀਆਂ ਦੋਹਾਂ 'ਚ ਫਿੱਟ ਕੀਤਾ ਜਾ ਸਕਦਾ ਹੈ। ਭਾਰਤੀ ਜਲ ਸੈਨਾ ਇਸ ਨੂੰ ਲੰਬੇ ਸਮੇਂ ਤੋਂ ਦਰਾਮਦ ਕਰ ਰਹੀ ਹੈ। ਇਸ ਦੇ ਨਾਲ ਹੀ, ਵਿਦੇਸ਼ੀ ਫੌਜੀ ਵਿਕਰੀ ਮਾਰਗ ਦੇ ਤਹਿਤ ਹਾਰਪੂਨ ਮਿਜ਼ਾਈਲ ਪ੍ਰਣਾਲੀ ਦੀ ਪ੍ਰਾਪਤੀ 'ਤੇ ਭਾਰਤੀ ਜਲ ਸੈਨਾ ਨੂੰ ਲਗਭਗ 80 ਮਿਲੀਅਨ ਡਾਲਰ (ਲਗਭਗ 640 ਕਰੋੜ ਰੁਪਏ) ਦੀ ਲਾਗਤ ਆਉਣ ਦੀ ਉਮੀਦ ਹੈ। ਅਮਰੀਕੀ ਸੰਸਦ ਨੇ ਭਾਰਤ ਨੂੰ ਹਾਰਪੂਨ ਮਿਜ਼ਾਈਲ ਪ੍ਰਣਾਲੀ ਅਤੇ ਇਸ ਨਾਲ ਸਬੰਧਤ ਉਪਕਰਨਾਂ ਦੀ ਵਿਕਰੀ ਨੂੰ ਮਨਜ਼ੂਰੀ ਦੇ ਦਿੱਤੀ ਹੈ।

ਅਮਰੀਕੀ ਕਾਂਗਰਸ ਨੇ ਪਹਿਲਾਂ ਹੀ ਭਾਰਤ ਨੂੰ ਹਾਰਪੂਨ ਜੁਆਇੰਟ ਕਾਮਨ ਟੈਸਟ ਸੈੱਟ (ਜੇਸੀਟੀਐਸ) ਅਤੇ ਸਬੰਧਤ ਉਪਕਰਣਾਂ ਦੀ ਵਿਕਰੀ ਨੂੰ ਮਨਜ਼ੂਰੀ ਦੇ ਦਿੱਤੀ ਹੈ। ਭਾਰਤੀ ਜਲ ਸੈਨਾ ਪਹਿਲਾਂ ਹੀ ਆਪਣੇ ਪਣਡੁੱਬੀ ਵਿਰੋਧੀ ਜੰਗੀ ਜਹਾਜ਼ਾਂ ਅਤੇ ਪਣਡੁੱਬੀਆਂ 'ਤੇ ਹਾਰਪੂਨ ਮਿਜ਼ਾਈਲਾਂ ਤਾਇਨਾਤ ਕਰ ਚੁੱਕੀ ਹੈ।




FRESH & LARGE VARIETY
Bread, Dairy & Eggs
Branded Foods
Fruits & Vegetables
Beverages & Confectionery
Grocery & Staples
Sweet & Samosas

SERVING FROM ALL LOCATIONS IN GTA AREA:

10 Westmore Drive
Etobicoke ON M9V-3Z7
416-740-3262

21 Lacoste Blvd,
Brampton, ON L6P 2K2
905 794-8109

621 Wanless drive, # 122
Brampton ON L7A 0A9
905-495-3336

1075 Ceremonial Drive
Mississauga ON L5R 2Z4
905-502-1600

80 Pertosa Drive
Brampton ON L5X-5E9
905-460-0009

10510 Torbram Road,
Brampton
905-790-0030

2120 North park Drive
Brampton ON L6S 0C9
905-793-1338

10 Pannahill Dr,
Brampton
905 913-8017

# ਸੂਡਾਨ ਤੋਂ ਕੈਨੇਡੀਅਨਜ਼ ਨੂੰ ਏਅਰਲਿਫਟ ਰਾਹੀਂ ਬਾਹਰ ਕੱਢਣ ਲਈ ਕੈਨੇਡਾ ਜਾਰੀ ਰੱਖੇਗਾ ਕੋਸ਼ਿਸ਼ਾਂ : ਟਰੂਡੋ

ਓਟਵਾ, 27 ਅਪ੍ਰੈਲ (ਪੋਸਟ ਬਿਊਰੋ) : ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਮੰਗਲਵਾਰ ਨੂੰ ਇਹ ਗੱਲ ਜ਼ੋਰ ਦੇ ਕੇ ਆਖੀ ਕਿ ਸੂਡਾਨ ਤੋਂ ਕੈਨੇਡੀਅਨ ਨਾਗਰਿਕਾਂ ਨੂੰ ਬਾਹਰ ਕੱਢਣ ਲਈ ਕੋਸ਼ਿਸ਼ਾਂ ਜੰਗੀ ਪੱਧਰ ਉੱਤੇ ਜਾਰੀ ਹਨ। ਉਨ੍ਹਾਂ ਦੱਸਿਆ ਕਿ ਦੋ ਮਿਲਟਰੀ ਵੈਸਲ ਕੈਨੇਡਾ ਦੇ ਤਟ ਉੱਤੇ ਪਹੁੰਚ ਵੀ ਚੁੱਕੇ ਹਨ।



ਟਰੂਡੋ ਨੇ ਆਖਿਆ ਕਿ ਸੂਡਾਨ ਤੋਂ ਕੈਨੇਡੀਅਨ ਨਾਗਰਿਕਾਂ ਨੂੰ ਕੱਢਣ ਲਈ ਫੈਡਰਲ ਸਰਕਾਰ ਆਪਣੇ ਭਾਈਵਾਲਾਂ ਨਾਲ ਰਲ ਕੇ ਕੰਮ ਕਰ ਰਹੀ ਹੈ। ਜ਼ਿਕਰਯੋਗ ਹੈ ਕਿ ਸੂਡਾਨ ਵਿੱਚ ਇਸ ਮਹੀਨੇ ਦੇ ਸ਼ੁਰੂ ਵਿੱਚ ਮਿਲਟਰੀ ਤੇ ਵਿਰੋਧੀ ਪਾਰਲੀਆਮੈਂਟਰੀ ਗਰੁੱਪ ਦਰਮਿਆਨ ਸੰਘਰਸ਼ ਛਿੜ ਗਿਆ ਸੀ। ਇਸ ਦੌਰਾਨ ਸੈਂਕੜੇ ਲੋਕ ਮਾਰੇ ਜਾ ਚੁੱਕੇ ਹਨ ਤੇ ਹਜ਼ਾਰਾਂ ਦੀ ਗਿਣਤੀ ਵਿੱਚ ਲੋਕ ਜ਼ਖ਼ਮੀ ਹੋਏ ਹਨ। ਟਰੂਡੋ ਨੇ ਆਖਿਆ ਕਿ ਹਾਲਾਤ ਬਦ ਤੋਂ ਬਦਤਰ ਹੋ ਚੁੱਕੇ ਹਨ। ਉਸ ਮੁਲਕ ਵਿੱਚ ਅਜਿਹੀਆਂ ਬਹੁਤ ਘੱਟ ਥਾਂਵਾਂ ਬਚੀਆਂ ਹਨ ਜਿੱਥੋਂ ਇਨ੍ਹਾਂ ਲੋਕਾਂ ਨੂੰ ਏਅਰਲਿਫਟ ਕਰਕੇ ਲਿਆਂਦਾ ਜਾ ਸਕਦਾ ਹੈ।

ਸੋਮਵਾਰ ਨੂੰ ਟਰੂਡੋ ਨੇ ਇਹ ਆਖਿਆ ਸੀ ਕਿ ਜਰਮਨੀ ਦੇ ਜਹਾਜ਼ ਉੱਤੇ 58 ਕੈਨੇਡੀਅਨ ਸੂਡਾਨ ਤੋਂ ਬਾਹਰ ਆਉਣ ਵਿੱਚ ਕਾਮਯਾਬ ਰਹੇ ਹਨ ਤੇ ਸੀ-17 ਟਰਾਂਸਪੋਰਟ ਪਲੇਨ ਵੀ ਇਲਾਕੇ ਵਿੱਚ ਮੌਜੂਦ ਸੀ। ਰੱਖਿਆ ਵਿਭਾਗ ਦੇ ਬੁਲਾਰੇ ਨੇ ਦੱਸਿਆ ਕਿ ਐਚਐਮਸੀਐਸ ਮਾਂਟਰੀਅਲ ਤੇ ਸਪਲਾਈ ਸ਼ਿੱਪ ਐਮਵੀ ਐਸਟ੍ਰਿਕਸ ਆਪਣਾ ਟਾਸਕ ਪੂਰਾ ਕਰਨ ਲਈ ਰੈੱਡ ਸੀਅ ਦੇ ਉੱਤੇ ਸੀ। ਮੰਗਲਵਾਰ ਨੂੰ ਵਿਦੇਸ਼ ਮੰਤਰੀ ਮਿਲੇਨੀ ਜੋਲੀ ਨੇ ਆਖਿਆ ਕਿ ਆਉਣ ਵਾਲੇ ਦਿਨਾਂ ਵਿੱਚ 100 ਤੋਂ ਵੱਧ ਹੋਰ ਕੈਨੇਡੀਅਨ ਸੂਡਾਨ ਤੋਂ ਬਾਹਰ ਕੱਢ ਲਏ ਜਾਣਗੇ। ਕੈਨੇਡੀਅਨਜ਼ ਨੂੰ ਬਾਹਰ ਕੱਢਣ ਵਿੱਚ ਮਦਦ ਕਰਨ ਵਾਸਤੇ ਉਨ੍ਹਾਂ ਜਰਮਨੀ, ਫਰਾਂਸ, ਸੰਯੁਕਤ ਅਰਬ ਅਮੀਰਾਤ ਤੇ ਸਾਊਦੀ ਅਰਬ ਦਾ ਧੰਨਵਾਦ ਕੀਤਾ।

# ਕੈਨੇਡਾ ਦੀ ਸੈਕਸ ਓਫੈਂਡਰਜ਼ ਰਜਿਸਟਰੀ ਵਿੱਚ ਤਬਦੀਲੀਆਂ ਲਈ ਲਿਬਰਲਾਂ ਨੇ ਪੇਸ਼ ਕੀਤਾ ਬਿੱਲ

ਓਟਵਾ, 27 ਅਪ੍ਰੈਲ (ਪੋਸਟ ਬਿਊਰੋ) : ਫੈਡਰਲ ਸਰਕਾਰ ਵੱਲੋਂ ਇੱਕ ਬਿੱਲ ਪੇਸ਼ ਕੀਤਾ ਗਿਆ ਹੈ ਤੇ ਜੇ ਇਹ ਬਿੱਲ ਪਾਸ ਹੋ ਜਾਂਦਾ ਹੈ ਤਾਂ ਇਸ ਨਾਲ ਕੈਨੇਡਾ ਦੇ ਸੈਕਸ ਓਫੈਂਡਰਜ਼ ਦੀ ਰਜਿਸਟਰੀ ਵਿੱਚ ਤਬਦੀਲੀਆਂ ਕੀਤੀਆਂ ਜਾਣਗੀਆਂ। ਇਸ ਦੌਰਾਨ ਇਹ ਤੈਅ ਕੀਤਾ ਜਾਵੇਗਾ ਕਿ ਕਿਸੇ ਸੈਕਸ ਓਫੈਂਡਰ ਨੂੰ ਨੈਸ਼ਨਲ ਟਰੈਕਿੰਗ ਸਿਸਟਮ ਦੀ ਕਿਸ ਵੰਨਗੀ ਵਿੱਚ ਰੱਖਿਆ ਜਾਣਾ ਚਾਹੀਦਾ ਹੈ ਜਦਕਿ ਅਜਿਹੇ ਜੁਰਮਾਂ ਨੂੰ ਨਾ ਦੁਹਰਾਉਣ ਵਾਲਿਆਂ ਨੂੰ ਇਸ ਟਰੈਕਿੰਗ ਸਿਸਟਮ ਵਿੱਚ ਰਜਿਸਟਰ ਕਰਨ ਤੋਂ ਛੋਟ ਵੀ ਦਿੱਤੀ ਜਾ ਸਕਦੀ ਹੈ।



ਮੌਜੂਦਾ ਕਾਨੂੰਨ ਵਿੱਚ ਪ੍ਰਸਤਾਵਿਤ ਤਬਦੀਲੀਆਂ ਅਕਤੂਬਰ 2022 ਦੇ ਸੁਪਰੀਮ ਕੋਰਟ ਦੇ ਉਸ ਫੈਸਲੇ ਨੂੰ ਧਿਆਨ ਵਿੱਚ ਰੱਖ ਕੇ ਕੀਤੀਆਂ ਗਈਆਂ ਹਨ ਜਿਸ ਵਿੱਚ ਇਹ ਆਖਿਆ ਗਿਆ ਸੀ ਕਿ ਜਿਨਸੀ ਜੁਰਮ ਕਰਨ ਵਾਲੇ ਸਾਰੇ ਲੋਕਾਂ ਨੂੰ ਆਟੋਮੈਟਿਕ ਢੰਗ ਨਾਲ ਰਜਿਸਟਰ ਕਰਨ ਦੀ ਪਿਰਤ ਗੈਰਸੰਵਿਧਾਨਕ ਹੈ। ਇਸ ਸਿਸਟਮ ਨਾਲ ਟਰੈਕਿੰਗ ਰਿਕਾਰਡ ਵਿੱਚ ਉਨ੍ਹਾਂ ਲੋਕਾਂ ਦੇ ਨਾਂ ਵੀ ਹਮੇਸ਼ਾਂ ਲਈ ਸ਼ਾਮਲ ਹੋ ਜਾਂਦੇ ਹਨ ਜਿਨ੍ਹਾਂ ਨੇ ਇੱਕ ਸੈਕਸੂਅਲ ਜੁਰਮ ਕੀਤਾ ਹੁੰਦਾ ਹੈ।

ਕ੍ਰਿਮੀਨਲ ਕੋਰਟ ਦੇ ਇਨ੍ਹਾਂ ਪ੍ਰਬੰਧਾਂ ਨੂੰ ਖਾਰਜ ਕਰਦਿਆਂ ਸੁਪਰੀਮ ਕੋਰਟ ਨੇ ਇਸ ਫੈਸਲੇ ਬਾਰੇ ਆਪਣੀ ਰਾਇ ਰੱਖਣ ਲਈ ਪਾਰਲੀਆਮੈਂਟ ਨੂੰ ਇੱਕ ਸਾਲ ਦਾ ਸਮਾਂ ਦਿੱਤਾ ਸੀ। ਇਸ ਸਬੰਧੀ ਬਿੱਲ ਐਸ-12 ਬੁੱਧਵਾਰ ਨੂੰ ਸੈਨੇਟਰ ਮਾਰਕ ਗੋਲਡ ਵੱਲੋਂ ਸੈਨੇਟ ਵਿੱਚ ਪੇਸ਼ ਕੀਤਾ ਗਿਆ। ਇਹ ਬਿੱਲ ਪਹਿਲਾਂ ਸੈਨੇਟ ਵਿੱਚੋਂ ਲੰਘੇਗਾ ਤੇ ਫਿਰ ਹਾਊਸ ਵਿੱਚ ਇਸ ਦੀ ਚਰਚਾ ਹੋਵੇਗੀ। ਇਸ ਦੌਰਾਨ ਕ੍ਰਿਮੀਨਲ ਕੋਡ, ਸੈਕਸ ਓਫੈਂਡਰਜ਼ ਇਨਫਰਮੇਸ਼ਨ ਰਜਿਸਟ੍ਰੇਸ਼ਨ ਐਕਟ ਤੇ ਦ ਇੰਟਰਨੈਸ਼ਨਲ ਟਰਾਂਸਫਰ ਆਫ ਅਫੈਂਡਰਜ਼ ਐਕਟ ਵਿੱਚ ਸੋਧਾਂ ਉੱਤੇ ਵਿਚਾਰ ਵਟਾਂਦਰਾ ਕੀਤਾ ਜਾਵੇਗਾ। ਇਸ ਮੌਕੇ ਨਿਆਂ ਮੰਤਰੀ ਡੇਵਿਡ ਲਾਮੇਟੀ ਨੇ ਆਖਿਆ ਕਿ ਸੈਕਸੂਅਲ ਜੁਰਮ ਹਿੰਸਾ ਦਾ ਸੱਭ ਤੋਂ ਕੋਝਾ ਰੂਪ ਹੁੰਦੇ ਹਨ। ਇਸ ਦੇ ਸ਼ਿਕਾਰ, ਜੋ ਕਿ ਬਹੁਤਾ ਕਰਕੇ ਮਹਿਲਾਵਾਂ ਤੇ ਕੁੜੀਆਂ ਹੁੰਦੀਆਂ ਹਨ, ਦੀ ਜ਼ਿੰਦਗੀ ਉੱਤੇ ਬਹੁਤ ਤਬਾਹਕੁੰਨ ਅਸਰ ਰਹਿੰਦਾ ਹੈ। ਪੁਲਿਸ ਕੋਲ ਅਜਿਹੇ ਮਾਮਲਿਆਂ ਦੀ ਪੜਤਾਲ ਲਈ ਲੋੜੀਂਦੇ ਟੂਲ ਹੋਣੇ ਜ਼ਰੂਰੀ ਹਨ ਤਾਂ ਕਿ ਇਸ ਤਰ੍ਹਾਂ ਦੇ ਜੁਰਮ ਕਰਨ ਵਾਲਿਆਂ ਨੂੰ ਸਬਕ ਸਿਖਾਇਆ ਜਾ ਸਕੇ। ਇਸ ਮੌਕੇ ਲਾਮੇਟੀ ਦੇ ਨਾਲ ਵੁਮਨ ਐਂਡ ਜੈਂਡਰ ਇਕੁਆਲਿਟੀ ਐਂਡ ਯੂਥ ਮੰਤਰੀ ਮਾਰਸੀ ਲੈਨ ਵੀ ਮੌਜੂਦ ਸਨ।

# ਡੇਢ ਸਾਲ ਤੱਕ ਮਹਿਲਾ ਦਾ ਜਿਨਸੀ ਸ਼ੋਸ਼ਣ ਕਰਨ ਵਾਲੇ ਵਿਅਕਤੀ ਨੂੰ ਕੀਤਾ ਗਿਆ ਚਾਰਜ

ਟੋਰਾਂਟੋ, 26 ਅਪਰੈਲ (ਪੋਸਟ ਬਿਊਰੋ) : ਡੇਢ ਸਾਲ ਤੋਂ ਇੱਕ ਮਹਿਲਾ ਨੂੰ ਧੱਕੇ ਨਾਲ ਬੰਧੀ ਬਣਾ ਕੇ ਰੱਖਣ ਤੇ ਕਈ ਵਾਰੀ ਉਸ ਉੱਤੇ ਜਿਨਸੀ ਹਮਲਾ ਕਰਨ ਵਾਲੇ ਟੋਰਾਂਟੋ ਦੇ ਇੱਕ ਵਿਅਕਤੀ ਨੂੰ ਪੁਲਿਸ ਵੱਲੋਂ ਚਾਰਜ ਕੀਤਾ ਗਿਆ ਹੈ। ਉਸ ਉੱਤੇ 40 ਚਾਰਜਿਜ਼ ਲਾਏ ਗਏ ਹਨ।



ਜਾਂਚਕਾਰਾਂ ਨੇ ਦੱਸਿਆ ਕਿ ਟੋਰਾਂਟੋ ਦੇ 29 ਸਾਲਾ ਧਰੁਬੋ ਹਸਨ ਨੂੰ 21 ਅਪਰੈਲ ਨੂੰ ਗ੍ਰਿਫਤਾਰ ਕੀਤਾ ਗਿਆ ਸੀ। ਉਸ ਖਿਲਾਫ ਹਮਲਾ ਕਰਨ ਤੇ ਹਮਲਾ ਕਰਕੇ ਗਲ ਘੁੱਟਣ ਦੇ ਛੇ ਮਾਮਲਿਆਂ, ਜਿਨਸੀ ਹਮਲੇ ਦੇ ਤਿੰਨ ਮਾਮਲਿਆਂ, 5000 ਡਾਲਰ ਤੋਂ ਘੱਟ ਦੀ ਸ਼ਰਾਰਤ ਕਰਨ ਦੇ ਤਿੰਨ ਮਾਮਲਿਆਂ, ਸਹਿਯੋਗ ਕਰਨ ਤੋਂ ਅਸਮਰੱਥ ਰਹਿਣ ਦੇ ਨੌਂ ਮਾਮਲਿਆਂ, ਹਥਿਆਰ ਨਾਲ ਹਮਲਾ ਕਰਨ, ਗੁੱਸੇ ਨਾਲ ਹਮਲਾ ਕਰਨ ਤੇ ਜ਼ਬਰਦਸਤੀ ਬੰਦ ਕਰਕੇ ਰੱਖਣ ਦੇ ਤਿੰਨ ਮਾਮਲਿਆਂ ਵਿੱਚ ਚਾਰਜਿਜ਼ ਲਾਏ ਗਏ ਹਨ।

ਉਸ ਨੂੰ ਅੱਜ ਅਦਾਲਤ ਵਿੱਚ ਪੇਸ਼ ਕੀਤਾ ਜਾਣਾ ਸੀ। ਜਿਸ ਮਹਿਲਾ ਉੱਤੇ ਇਹ ਸਾਰੀਆਂ ਵਧੀਕੀਆਂ ਹੋਈਆਂ ਉਸ ਬਾਰੇ ਪੁਲਿਸ ਵੱਲੋਂ ਕੋਈ ਜਾਣਕਾਰੀ ਸਾਂਝੀ ਨਹੀਂ ਕੀਤੀ ਗਈ। ਜਾਂਚਕਾਰਾਂ ਨੂੰ ਡਰ ਹੈ ਕਿ ਇਸ ਵਿਅਕਤੀ ਵੱਲੋਂ ਹੋਰਨਾਂ ਮਹਿਲਾਵਾਂ ਨੂੰ ਵੀ ਆਪਣਾ ਸ਼ਿਕਾਰ ਬਣਾਇਆ ਗਿਆ ਹੋ ਸਕਦਾ ਹੈ। ਇਸ ਲਈ ਉਨ੍ਹਾਂ ਇਸ ਸ਼ਖ਼ਸ ਦੀਆਂ ਵਧੀਕੀਆਂ ਦਾ ਸ਼ਿਕਾਰ ਮਹਿਲਾਵਾਂ ਨੂੰ ਸਾਹਮਣੇ ਆਉਣ ਲਈ ਆਖਿਆ ਹੈ।

# ਪਾਣੀ ਦੀ ਟੈਂਕੀ 'ਚ ਡੁੱਬ ਰਹੇ ਬੇਟੇ ਨੂੰ ਬਚਾਉਣ ਲਈ ਮਾਂ ਨੇ ਵੀ ਮਾਰੀ ਛਾਲ, ਦੋਵਾਂ ਦੀ ਮੌਤ



ਬਾੜਮੇਰ, 27 ਅਪ੍ਰੈਲ (ਪੋਸਟ ਬਿਊਰੋ): ਬੀਤੇ ਦਿਨੀਂ ਰਾਜਸਥਾਨ ਦੇ ਬਾੜਮੇਰ 'ਚ ਪੁੱਤ ਨੂੰ ਪਾਣੀ ਦੀ ਟੈਂਕੀ 'ਚ ਡੁੱਬਦਾ ਦੇਖ ਮਾਂ ਨੇ ਉਸ ਨੂੰ ਬਚਾਉਣ ਲਈ ਟੈਂਕੀ 'ਚ ਛਾਲ ਮਾਰ ਦਿੱਤੀ। ਹਾਲਾਂਕਿ ਦੋਵਾਂ ਦੀ ਡੁੱਬਣ ਕਾਰਨ ਮੌਤ ਹੋ ਗਈ। ਸਵੇਰੇ ਜਦੋਂ ਪਰਿਵਾਰਕ ਮੈਂਬਰਾਂ ਨੇ ਦੋਵਾਂ ਦੀਆਂ ਲਾਸ਼ਾਂ ਟੈਂਕੀ ਵਿੱਚ ਤੈਰਦੀਆਂ ਦੇਖੀਆਂ ਤਾਂ ਹਾਹ-ਾਕਾਰ ਮੱਚ ਗਈ। ਘਟਨਾ ਬਾੜਮੇਰ ਦੇ ਬਿਜੜ ਥਾਣਾ ਖੇਤਰ ਦੀ ਹੈ।

ਜਾਣਕਾਰੀ ਮੁਤਾਬਕ ਬਿਜੜ ਥਾਣਾ ਖੇਤਰ ਦੇ ਪਿੰਡ ਰਤਾਸਰ 'ਚ ਬੀਤੀ ਰਾਤ 35 ਸਾਲਾ ਰੇਖਾ, ਉਸ ਦਾ ਪਤੀ ਹਰੀਰਾਮ ਅਤੇ 9 ਸਾਲਾ ਬੇਟਾ ਖਾਣਾ ਖਾ ਕੇ ਸੌਂ ਗਏ ਸਨ। ਸਵੇਰੇ ਜਿਵੇਂ ਹੀ ਹਰੀਰਾਮ ਅਤੇ ਉਸ ਦੇ ਪਰਿਵਾਰਕ ਮੈਂਬਰ ਉੱਠੇ ਤਾਂ ਉਨ੍ਹਾਂ ਨੇ ਦੇਖਿਆ ਕਿ ਬੇਟਾ ਅਤੇ ਪਤਨੀ ਗਾਇਬ ਸਨ।

ਜਦੋਂ ਰਿਸ਼ਤੇਦਾਰਾਂ ਨੇ ਉਨ੍ਹਾਂ ਦੀ ਭਾਲ ਸ਼ੁਰੂ ਕੀਤੀ ਤਾਂ ਦੋਵਾਂ ਦੀਆਂ ਲਾਸ਼ਾਂ ਟੈਂਕੀ ਵਿੱਚ ਤੈਰਦੀਆਂ ਮਿਲੀਆਂ। ਮੌਕੇ 'ਤੇ ਆਲੇ-ਦੁਆਲੇ ਦੇ ਲੋਕਾਂ ਨੂੰ ਬੁਲਾ ਕੇ ਪੁਲਸ ਦੀ ਮੌਜੂਦਗੀ 'ਚ ਦੋਹਾਂ ਲਾਸ਼ਾਂ ਨੂੰ ਟੈਂਕੀ 'ਚੋਂ ਬਾਹਰ ਕੱਢਿਆ ਗਿਆ। ਪੁਲਸ ਨੇ ਦੋਵਾਂ ਦੀਆਂ ਲਾਸ਼ਾਂ ਨੂੰ ਕਬਜ਼ੇ 'ਚ ਲੈ ਕੇ ਪੋਸਟਮਾਰਟਮ ਤੋਂ ਬਾਅਦ ਵਾਰਸਾਂ ਦੇ ਹਵਾਲੇ ਕਰ ਦਿੱਤਾ ਹੈ।

ਬਿਜਰਾੜ ਪੁਲਸ ਅਧਿਕਾਰੀ ਭੰਵਰਲਾਲ ਮੁਤਾਬਕ ਮ੍ਰਿਤਕ ਔਰਤ ਦੇ ਭਰਾ ਨੇ ਪੁਲਸ ਨੂੰ ਦੱਸਿਆ ਕਿ ਉਸ ਦਾ 9 ਸਾਲਾ ਭਤੀਜਾ ਐਤਵਾਰ ਸਵੇਰੇ ਪਾਣੀ ਪੀਣ ਲਈ ਜਾਗਿਆ ਸੀ। ਉਹ ਸੰਤੁਲਨ ਗੁਆਉਂਦੇ ਹੋਏ ਟੈਂਕੀ ਵਿੱਚ ਡਿੱਗ ਗਿਆ। ਉਸ ਨੂੰ ਬਚਾਉਣ ਲਈ ਉਸ ਦੀ ਭੈਣ ਨੇ ਵੀ ਟੈਂਕੀ ਵਿੱਚ ਛਾਲ ਮਾਰ ਦਿੱਤੀ। ਦੋਵਾਂ ਦੀ ਡੁੱਬਣ ਕਾਰਨ ਮੌਤ ਹੋ ਗਈ। ਪੁਲਸ ਨੇ ਭਰਾ ਦੀ ਸ਼ਿਕਾਇਤ 'ਤੇ ਮਾਮਲਾ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਹੈ।

# ਓਨਟਾਰੀਓ ਸਾਇੰਸ ਸੈਂਟਰ ਨੂੰ ਸ਼ਿਫਟ ਕਰਨ ਦੇ ਫੈਸਲੇ ਤੋਂ ਗੁੱਸਾ ਹਨ ਮੁਲਾਜ਼ਮ : ਯੂਨੀਅਨ

ਓਨਟਾਰੀਓ, 27 ਅਪ੍ਰੈਲ (ਪੋਸਟ ਬਿਊਰੋ) : ਓਨਟਾਰੀਓ ਸਾਇੰਸ ਸੈਂਟਰ ਨੂੰ ਓਨਟਾਰੀਓ ਪਲੇਸ ਸ਼ਿਫਟ ਕਰਨ ਦੇ ਫੈਸਲੇ ਨੂੰ ਲੈ ਕੇ ਇੱਥੋਂ ਦਾ ਸਟਾਫ ਗੁੱਸਾ ਤੇ ਬੌਂਦਲਿਆ ਪਿਆ ਹੈ। ਉਨ੍ਹਾਂ ਦੀ ਯੂਨੀਅਨ ਦਾ ਕਹਿਣਾ ਹੈ ਕਿ ਪ੍ਰੀਮੀਅਰ ਵੱਲੋਂ ਉਨ੍ਹਾਂ ਦੇ ਮੂਡ ਬਾਰੇ ਜਿਹੜੀ ਗੱਲ ਆਖੀ ਗਈ ਹੈ ਉਹ ਅਸਲ ਵਿੱਚ ਇਸ ਤੋਂ ਬਿਲਕੁਲ ਉਲਟ ਹੈ।




ਜ਼ਿਕਰਯੋਗ ਹੈ ਕਿ ਮੰਗਲਵਾਰ ਨੂੰ ਪ੍ਰੀਮੀਅਰ ਡੱਗ ਫੋਰਡ ਨੇ ਆਖਿਆ ਸੀ ਕਿ ਓਨਟਾਰੀਓ ਸਾਇੰਸ ਸੈਂਟਰ ਨੂੰ ਸ਼ਿਫਟ ਕਰਨ ਦੇ ਫੈਸਲੇ ਨਾਲ ਮੁਲਾਜ਼ਮ ਕਾਫੀ ਖੁਸ਼ ਤੇ ਉਤਸ਼ਾਹਿਤ ਹਨ। ਪਰ ਯੂਨੀਅਨ ਨੇ ਆਖਿਆ ਕਿ ਅਜਿਹਾ ਕੁੱਝ ਵੀ ਨਹੀਂ ਹੈ। ਯੂਨੀਅਨ ਵੱਲੋਂ ਇਸ ਬਾਰੇ ਜਾਰੀ ਕੀਤੇ ਬਿਆਨ ਵਿੱਚ ਆਖਿਆ ਗਿਆ ਹੈ ਕਿ ਓਨਟਾਰੀਓ ਸਾਇੰਸ ਸੈਂਟਰ ਦੇ ਲੱਗਭਗ 400 ਵਰਕਰਜ਼ (ਜਿਨ੍ਹਾਂ ਦੀ ਅਗਵਾਈ ਓਨਟਾਰੀਓ ਪਬਲਿਕ ਸਰਵਿਸ ਇੰਪਲੌਈਜ਼ ਯੂਨੀਅਨ ਕਰਦੀ ਹੈ) ਇਸ ਫੈਸਲੇ ਤੋਂ ਗੁੱਸਾ ਹਨ। ਯੂਨੀਅਨ ਨੇ ਆਖਿਆ ਕਿ ਇਸ ਵਿੱਚ ਮੁਲਾਜ਼ਮਾਂ ਨੂੰ ਕੋਈ ਫਾਇਦਾ ਤਾਂ ਨਹੀਂ ਹੋਵੇਗਾ, ਹਾਂ ਡੌਨ ਮਿੱਲਜ਼ ਦੀ ਮੌਜੂਦਾ ਲੋਕੇਸ਼ਨ ਤੋਂ ਉਨ੍ਹਾਂ ਨੂੰ ਡਾਊਨਟਾਊਨ ਵਾਲੀ ਭੀੜੀ ਥਾਂ ਉੱਤੇ ਸ਼ਿਫਟ ਕਰਨ ਨਾਲ ਕਈ ਤਰ੍ਹਾਂ ਦੇ ਨੁਕਸਾਨ ਜ਼ਰੂਰ ਹੋ ਸਕਦੇ ਹਨ।

ਓਪੀਐਸਈਯੂ ਉਨ੍ਹਾਂ ਮੁਲਾਜ਼ਮਾਂ ਦੀ ਅਗਵਾਈ ਕਰਦੀ ਹੈ ਜਿਹੜੇ ਐਗਜ਼ੀਬਿਸ਼ਨ ਦਾ ਇੰਤਜ਼ਾਮ ਕਰਦੇ ਹਨ, ਕਲਾਸਾਂ ਦਾ ਆਯੋਜਨ ਕਰਦੇ ਹਨ ਤੇ ਟੂਰ ਦਿੰਦੇ ਹਨ, ਫੂਡ ਸੇਵਾਵਾਂ ਮੁਹੱਈਆ ਕਰਵਾਉਂਦੇ ਹਨ ਤੇ ਟਿਕਟ ਆਦਿ ਜਾਰੀ ਕਰਦੇ ਹਨ, ਜਿਹੜਾ ਸਟਾਫ ਕੈਫੇਟੇਰੀਆ ਤੇ ਬਾਕਸ ਆਫਿਸ ਚਲਾਉਂਦਾ ਹੈ ਤੇ ਇਸ ਵਿੱਚ ਕਲੀਨਿੰਗ ਸਟਾਫ ਵੀ ਸ਼ਾਮਲ ਹੈ। ਬਹੁਤਾ ਸਟਾਫ ਇਸ ਸਾਇੰਸ ਸੈਂਟਰ ਉੱਤੇ ਪਿਛਲੇ 10 ਸਾਲਾਂ ਤੋਂ ਵੀ ਵੱਧ ਅਰਸੇ ਤੋਂ ਕੰਮ ਕਰ ਰਿਹਾ ਹੈ। ਇਹ ਮੁਲਾਜ਼ਮ ਇਸ ਇਲਾਕੇ ਦੇ ਨੇੜੇ ਹੀ ਰਹਿਣ ਵੀ ਲੱਗ ਪਏ ਹਨ।

ਸਾਇੰਸ ਸੈਂਟਰ ਦੇ ਸਟਾਫ ਦੀ ਇੱਕ ਵੱਡੀ ਚਿੰਤਾ ਇਹ ਹੈ ਕਿ ਉਨ੍ਹਾਂ ਦੀਆਂ ਜ਼ਿੰਦਗੀਆਂ ਉੱਤੇ ਇਸ ਸੈਂਟਰ ਨੂੰ ਸ਼ਿਫਟ ਕਰਨ ਨਾਲ ਕਾਫੀ ਮਾੜਾ ਅਸਰ ਪਵੇਗਾ। ਕਈਆਂ ਨੂੰ ਤਾਂ ਨੌਕਰੀ ਵੀ ਛੱਡਣੀ ਪੈ ਸਕਦੀ ਹੈ। ਕਈਆਂ ਨੂੰ ਨਵੀਂ ਥਾਂ ਉੱਤੇ ਰੋਜ਼ਾਨਾ ਪਹੁੰਚਣ ਵਿੱਚ ਵੀ ਦਿੱਕਤ ਆਵੇਗੀ।

# ਟੋਰਾਂਟੋ ਪੁਲਿਸ ਨੇ 27 ਮਿਲੀਅਨ ਡਾਲਰ ਦੀਆਂ ਚੋਰੀ ਕੀਤੀਆਂ 550 ਗੱਡੀਆਂ ਕੀਤੀਆਂ ਬਰਾਮਦ

ਟੋਰਾਂਟੋ, 27 ਅਪ੍ਰੈਲ(ਪੋਸਟ ਬਿਊਰੋ) : ਬੁੱਧਵਾਰ ਨੂੰ ਟੋਰਾਂਟੋ ਪੁਲਿਸ ਸਰਵਿਸ ਵੱਲੋਂ ਪ੍ਰੋਜੈਕਟ ਸਟੈਲੀਅਨ ਦੇ ਨਤੀਜਿਆਂ ਦਾ ਐਲਾਨ ਕੀਤਾ ਗਿਆ। ਇਸ ਪ੍ਰੋਜੈਕਟ ਦੌਰਾਨ ਪੁਲਿਸ ਨੂੰ ਚੋਰੀ ਕੀਤੀਆਂ ਗਈਆਂ 550 ਗੱਡੀਆਂ ਮਿਲੀਆਂ ਜਿਨ੍ਹਾਂ ਦਾ ਮੁੱਲ 27 ਮਿਲੀਅਨ ਡਾਲਰ ਤੋਂ ਵੀ ਜ਼ਿਆਦਾ ਦੱਸਿਆ ਜਾਂਦਾ ਹੈ।



ਪੁਲਿਸ ਚੀਫ ਮਾਇਰਨ ਡੈਮਕਿਊ ਨੇ ਇਸ ਪ੍ਰੋਜੈਕਟ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਪ੍ਰੋਜੈਕਟ ਤਹਿਤ ਬਹੁਤਾ ਧਿਆਨ ਸਿਟੀ ਦੇ ਪੱਛਮੀ ਸਿਰੇ ਤੋਂ ਚੋਰੀ ਹੋਈਆਂ ਗੱਡੀਆਂ ਤੇ ਕੈਟਾਲਿਟਿਕ ਕਨਵਰਟਰਜ਼ ਉੱਤੇ ਕੇਂਦਰਿਤ ਕੀਤਾ ਗਿਆ। ਪ੍ਰੋਜੈਕਟ ਸਟੈਲੀਅਨ ਨਵੰਬਰ 2022 ਵਿੱਚ ਸ਼ੁਰੂ ਹੋਇਆ ਸੀ ਤੇ ਇਸ ਦੌਰਾਨ ਚੋਰੀ ਦੀਆਂ 556 ਗੱਡੀਆਂ ਬਰਾਮਦ ਹੋਈਆਂ ਜਿਨ੍ਹਾਂ ਦਾ ਮੁੱਲ 27 ਮਿਲੀਅਨ ਡਾਲਰ ਤੋਂ ਵੀ ਜ਼ਿਆਦਾ ਹੈ। ਇਸ ਦੌਰਾਨ 100 ਵਿਅਕਤੀਆਂ ਖਿਲਾਫ 300 ਤੋਂ ਵੱਧ ਚਾਰਜਿਜ਼ ਲਾਏ ਗਏ ਹਨ।

ਡੈਮਕਿਊ ਨੇ ਆਖਿਆ ਕਿ 2019 ਤੋਂ ਹੀ ਟੋਰਾਂਟੋ ਵਿੱਚ ਗੱਡੀਆਂ ਦੀਆਂ ਚੋਰੀਆਂ ਦੇ ਮਾਮਲਿਆਂ ਵਿੱਚ ਕਾਫੀ ਵਾਧਾ ਹੋਇਆ ਹੈ। ਉਨ੍ਹਾਂ ਆਖਿਆ ਕਿ ਇਹ ਮੁੱਦਾ ਸ਼ਹਿਰ ਤੇ ਜੀਟੀਏ ਭਰ ਵਿੱਚ ਵੱਡੀ ਸਿਰਦਰਦੀ ਬਣਿਆ ਹੋਇਆ ਹੈ। ਟੀਪੀਐਸ ਦੇ ਇਸ ਪ੍ਰੋਜੈਕਟ ਵਿੱਚ ਓਸੀਆਈਐਸ ਟੀਮ ਤੇ ਹੋਰ ਪੁਲਿਸ ਡਵੀਜ਼ਨਾਂ ਵੀ ਸ਼ਾਮਲ ਸਨ। ਇਸ ਦੌਰਾਨ ਚੋਰੀ ਦੀਆਂ ਗੱਡੀਆਂ ਬਰਾਮਦ ਕਰਨ ਤੇ ਅਜਿਹੇ ਜੁਰਮਾਂ ਨੂੰ ਅੰਜਾਮ ਦੇਣ ਵਾਲਿਆਂ ਖਿਲਾਫ ਸ਼ਿਕੰਜਾ ਕੱਸਣ ਲਈ ਇਹ ਪ੍ਰੋਜੈਕਟ ਸ਼ੁਰੂ ਕੀਤਾ ਗਿਆ। ਇਸ ਤਹਿਤ ਹੁਣ ਤੱਕ 119 ਲੋਕਾਂ ਨੂੰ ਚਾਰਜ ਕੀਤਾ ਜਾ ਚੁੱਕਿਆ ਹੈ, 314 ਚਾਰਜਿਜ਼ ਲਾਏ ਗਏ ਹਨ, 556 ਗੱਡੀਆਂ ਬਰਾਮਦ ਕੀਤੀਆਂ ਗਈਆਂ ਹਨ, ਬਰਾਮਦ ਕੀਤੀਆਂ ਗੱਡੀਆਂ ਦਾ ਮੁੱਲ 27,406,120 ਡਾਲਰ ਹੈ।

# ਕਮਰਸ਼ੀਅਲ ਬਿਲਡਿੰਗ ਵਿੱਚ ਧਮਾਕੇ ਤੋਂ ਬਾਅਦ ਲੱਗੀ ਅੱਗ

ਟੋਰਾਂਟੋ, 27 ਅਪ੍ਰੈਲ (ਪੋਸਟ ਬਿਊਰੋ) : ਟੋਰਾਂਟੋ ਦੇ ਪੂਰਬੀ ਸਿਰੇ ਉੱਤੇ ਇੱਕ ਇੰਡਸਟਰੀਅਲ ਪਲਾਜ਼ਾ ਵਿੱਚ ਧਮਾਕਾ ਹੋਣ ਤੇ ਅੱਗ ਲੱਗਣ ਦੇ ਮਾਮਲੇ ਦੀ ਟੋਰਾਂਟੋ ਫਾਇਰ ਅਧਿਕਾਰੀਆਂ ਵੱਲੋਂ ਜਾਂਚ ਕੀਤੀ ਜਾ ਰਹੀ ਹੈ। ਅਧਿਕਾਰੀ ਇਹ ਪਤਾ ਲਾਉਣ ਦੀ ਕੋਸ਼ਿਸ਼ ਵੀ ਕਰ ਰਹੇ ਹਨ ਕਿ ਆਖਿਰਕਾਰ ਇਹ ਅੱਗ ਕਿਵੇਂ ਲੱਗੀ।

ਮੰਗਲਵਾਰ ਨੂੰ ਅੱਧੀ ਰਾਤ ਤੋਂ ਪਹਿਲਾਂ ਧਮਾਕੇ ਦੀਆਂ ਖਬਰਾਂ ਮਿਲਣ ਤੋਂ ਬਾਅਦ ਫਾਇਰ ਅਮਲੇ ਨੂੰ ਫਿੰਚ ਐਵਨਿਊ ਈਸਟ ਤੇ ਮਾਰਖਮ ਰੋਡ ਨੇੜੇ ਫਿੰਚਡੀਨ ਸਕੁਏਅਰ ਉੱਤੇ ਸੱਦਿਆ ਗਿਆ। ਅਧਿਕਾਰੀਆਂ ਨੇ ਦੱਸਿਆ ਕਿ ਜਦੋਂ ਕ੍ਰਿਊ ਪਹੁੰਚਿਆ ਤਾਂ ਉੱਥੇ ਥੋੜ੍ਹੀ ਥੋੜ੍ਹੀ ਦੂਰੀ ਉੱਤੇ ਅੱਗ ਦੀਆਂ ਲਪਟਾਂ ਨਜ਼ਰ ਆ ਰਹੀਆਂ ਸਨ ਤੇ ਧੂੰਆਂ ਵੀ ਫੈਲਿਆ ਹੋਇਆ ਸੀ। ਕ੍ਰਿਊ ਨੇ ਪਾਇਆ ਕਿ ਪਲਾਜ਼ਾ ਦੀ ਇਮਾਰਤ ਨੂੰ ਕਾਫੀ ਨੁਕਸਾਨ ਪਹੁੰਚਿਆ ਸੀ।

ਉਨ੍ਹਾਂ ਦੱਸਿਆ ਕਿ ਕਈ ਯੂਨਿਟਸ ਵੀ ਨੁਕਸਾਨੀਆਂ ਗਈਆਂ ਸਨ। ਅਜੇ ਤੱਕ ਅੱਗ ਲੱਗਣ ਦੇ ਕਾਰਨਾਂ ਤੇ ਧਮਾਕੇ ਦੇ ਕਾਰਨਾਂ ਦਾ ਪਤਾ ਨਹੀਂ ਲੱਗ ਸਕਿਆ ਹੈ। ਇਸ ਘਟਨਾ ਵਿੱਚ ਕਿਸੇ ਦੇ ਜ਼ਖ਼ਮੀ ਹੋਣ ਦੀ ਖਬਰ ਨਹੀਂ ਹੈ।




REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ? ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047



REXDALE BODY SHOP
USED CAR SALE
Specialization In:
★ All Kinds of Body Work
★ Auto Glass Windshield
★ Denting, Painting & Welding
SPECIAL PAINT JOB $779
RENTAL CAR PROVIDED
ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ
25 years of Canadian Experience
OPEN MON - SAT 9AM TO 7PM
CHEEMA
LOWEST PRICE IN TOWN
Call Rick or Manminder Cheema: 416.749.9596 / 416.951.6431
Towing Service Car Paint Starts $799* upto 100% Deductible Paid*
30 Racine Rd. Toronto, ON, M9W 2Z3, FAX: 416.749.9597
www.AAABODYSHOP.ca
mcheemaaaa@hotmail.com





ਬਰਾੜ ਗਰਾਜ ਡੋਰ
ਅਸੀਂ ਰੀਪੇਅਰ ਕਰਦੇ ਹਾਂ :
BROKEN SPRINGS
CABLES & ROLLERS
GARAGE DOOR OPENERS
We Install Garage Door Openers
ਸੰਪਰਕ ਕਰੋ: (416) 357-4082, ਈਮੇਲ ਕਰੋ: brargaragedoors@gmail.com




SherGill Law Firm
Barrister, Solicitor & Notary Public
Services:
• Real Estate
• Residential, Commercial & Franchise
• Criminal Law
• Family Law
• Affidavit, Power Of Attorney & Notarization
• Immigration Matters
Paramjit Singh Gill (MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact: 416.910.5676
www.shergilllawfirm.ca




ukttc
UK TRUCK TRAINING CENTRE
PCC #179958
Registered as a Private Careers College
ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge
Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
Forklift Training
Forklift $79 Recertification
Counterbalance
Reach Truck
ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979
OPEN 7 DAYS uktruck1@gmail.com
Jitpal Singh Deol 647-204-1936




# ਅਨੁਕੂਲ ਬਣਾਈ ਸਲਾਹ, ਬੈਂਕਿੰਗ ਪੈਕੇਜਾਂ ਅਤੇ ਉਦਯੋਗ-ਮੋਹਰੀ ਬਹੁ-ਭਾਸ਼ਾਈ ਸਮਰੱਥਾਵਾਂ ਦੇ ਨਾਲ TD ਕੈਨੇਡਾ ਵਿੱਚ ਨਵੇਂ ਆਏ ਵਿਅਕਤੀਆਂ ਲਈ ਵਿੱਤੀ ਤਬਦੀਲੀ ਨੂੰ ਸਹਿਜ ਬਣਾਉਣ ਵਿੱਚ ਮੱਦਦ ਕਰਦਾ ਹੈ

ਹਰ ਸਾਲ ਹਜ਼ਾਰਾਂ ਲੋਕ ਵੱਸਣ ਲਈ ਕੈਨੇਡਾ ਜਾਂਦੇ ਹਨ। ਨਵੇਂ ਆਏ ਲੋਕ ਕੈਨੇਡਾ ਦੀ ਅਰਥ-ਵਿਵਸਥਾ ਵਿੱਚ ਇੱਕ ਵੱਡਮੁੱਲਾ ਯੋਗਦਾਨ ਪਾਉਂਦੇ ਹਨ। ਕੈਨੇਡਾ ਦੀ ਆਬਾਦੀ ਦੇ ਵਿਕਾਸ ਵਿੱਚ ਲਗਭਗ 80 ਪ੍ਰਤਿਸ਼ਤ, ਅਤੇ ਇਸਦੀ ਕਿਰਤ ਸ਼ਕਤੀ ਦੇ ਵਿਕਾਸ ਦਾ ਲਗਭਗ 100 ਪ੍ਰਤਿਸ਼ਤ ਯੋਗਦਾਨ ਨਵੇਂ ਆਏ ਲੋਕਾਂ ਦਾ ਹੀ ਹੈ।

ਪਰ ਨਵੇਂ ਦੇਸ਼ ਵਿੱਚ ਆ ਕੇ ਵੱਸਣ ਨਾਲ ਆਪਣੀ ਕਿਸਮ ਦੀਆਂ ਚੁਣੌਤੀਆਂ ਵੀ ਜੁੜੀਆਂ ਹੁੰਦੀਆਂ ਹਨ। ਰਿਹਾਇਸ਼ ਅਤੇ ਰੁਜ਼ਗਾਰ ਵਰਗੀਆਂ ਫੌਰੀ ਲੋੜਾਂ ਤੋਂ ਇਲਾਵਾ, ਕੈਨੇਡੀਅਨ ਲੋਕਾਂ ਦੇ ਰਹਿਣ ਅਤੇ ਕੰਮ ਕਰਨ ਦੇ ਤਰੀਕਿਆਂ ਬਾਰੇ ਕਈ ਨਵੀਆਂ ਗੱਲਾਂ ਬਾਰੇ ਜਾਣਨ ਦੀ ਲੋੜ ਹੁੰਦੀ ਹੈ, ਜਿਸ ਵਿੱਚ ਇਹ ਵੀ ਸ਼ਾਮਲ ਹੈ ਕਿ ਕੈਨੇਡਾ ਦੀ ਵਿੱਤੀ ਪ੍ਰਣਾਲੀ ਕਿਵੇਂ ਕੰਮ ਕਰਦੀ ਹੈ।

ਇੱਕ ਬੈਂਕ ਖਾਤਾ ਖੋਲ੍ਹਣ, ਇੱਕ ਚੰਗਾ ਕੈਨੇਡੀਅਨ ਕ੍ਰੈਡਿਟ ਸਕੋਰ ਬਣਾਉਣ ਤੋਂ ਲੈ ਕੇ, ਸਮੇਂ ਦੇ ਨਾਲ ਆਪਣੇ ਪੈਸੇ ਨੂੰ ਵਧਾਉਣ ਦੇ ਮੌਕਿਆਂ ਦੀ ਪੜਚੋਲ ਕਰਨ ਤੱਕ, ਕੈਨੇਡਾ ਵਿੱਚ ਬੈਂਕਿੰਗ ਬਹੁਤ ਸਾਰੀਆਂ ਬਾਰੀਕੀਆਂ ਨਾਲ ਭਰੀ ਹੋਈ ਹੈ ਜੋ ਕਾਫੀ ਪਰੇਸ਼ਾਨ ਕਰ ਸਕਦੀਆਂ ਹਨ। ਨਵੇਂ ਕੈਨੇਡੀਅਨ ਨੂੰ ਅਕਸਰ ਵੱਖ-ਵੱਖ ਸਰੋਤਾਂ ਤੋਂ ਵਿੱਤੀ ਮਾਮਲਿਆਂ ਬਾਰੇ ਬਹੁਤ ਸਾਰੀ ਜਾਣਕਾਰੀ ਮਿਲਦੀ ਹੈ, ਜੋ ਅਕਸਰ ਭੰਬਲਭੂਸੇ ਨੂੰ ਵਧਾ ਸਕਦੀ ਹੈ।

## TD ਅਤੇ CanadaVisa ਦਾ ਰਣਨੀਤਕ ਸੰਬੰਧ

ਇਸ ਮੁੱਦੇ ਨੂੰ ਹੱਲ ਕਰਨਾ ਉਹਨਾਂ ਕਈ ਕਾਰਨਾਂ ਵਿੱਚੋਂ ਇੱਕ ਹੈ ਜਿਨ੍ਹਾਂ ਕਰਕੇ ਨੇ ਭਰੋਸੇਯੋਗ ਕੈਨੇਡੀਅਨ ਇਮੀਗ੍ਰੇਸ਼ਨ ਜਾਣਕਾਰੀ ਵੈੱਬਸਾਈਟ CanadaVisa- ਨਾਲ ਇੱਕ ਬਹੁ-ਸਾਲਾ ਰਣਨੀਤਕ ਸੰਬੰਧ ਦੀ ਸ਼ੁਰੂਆਤ ਕੀਤੀ ਹੈ। 2.4 ਮਿਲੀਅਨ ਮਹੀਨਾਵਾਰ ਵਰਤੋਂਕਾਰਾਂ ਅਤੇ 895,000 ਫੋਰਮ ਮੈਂਬਰਾਂ ਦੇ ਨਾਲ, , ਅਤੇ ਇਸਦੀ ਭਾਈਵਾਕ ਖ਼ਬਰਾਂ ਦੀ ਸਾਈਟ - CIC News, ਦੁਨੀਆ ਦੇ ਸਭ ਤੋਂ ਵੱਡੇ ਕੈਨੇਡੀਅਨ ਇਮੀਗ੍ਰੇਸ਼ਨ ਫੋਰਮ ਦੀ ਮੇਜ਼ਬਾਨੀ ਕਰਦੀ ਹੈ।

TD ਅਤੇ CanadaVisa ਦਾ ਰਣਨੀਤਕ ਸਬੰਧ ਨਵੇਂ ਆਏ ਲੋਕਾਂ ਨੂੰ ਮਹੱਤਵਪੂਰਨ ਵਿੱਤੀ ਵਿਸ਼ਿਆਂ 'ਤੇ ਸੰਖੇਪ ਸਮੱਗਰੀ ਦੇ ਇਕਸਾਰ ਅਤੇ ਭਰੋਸੇਮੰਦ ਪ੍ਰਵਾਹ ਤੱਕ ਪਹੁੰਚ ਪ੍ਰਦਾਨ ਕਰਨਗੇ, ਜਿਵੇਂ ਕਿ - ਕੈਨੇਡੀਅਨ ਬੈਂਕ ਖਾਤਿਆਂ ਨੂੰ ਸਮਝਣਾ, ਇੱਕ ਚੰਗਾ ਕ੍ਰੈਡਿਟ ਸਕੋਰ ਬਣਾਉਣਾ, ਘਰ ਖਰੀਦਣਾ, ਅਤੇ ਭਵਿੱਖ ਲਈ ਨਿਵੇਸ਼ ਦੇ ਵਿਕਲਪ। ਤੁਸੀਂ www.cicnews.com/td 'ਤੇ ਜਾ ਕੇ ਇਹਨਾਂ ਸਰੋਤਾਂ ਤੱਕ ਪਹੁੰਚ ਕਰ ਸਕਦੇ ਹੋ।

## ਇੱਕ ਸਹਿਜ ਵਿੱਤੀ ਤਬਦੀਲੀ ਨੂੰ ਯਕੀਨੀ ਬਣਾਉਣਾ

ਰੋਜ਼ਾਨਾ ਬੈਂਕਿੰਗ ਲਈ, TD ਵਿਅਕਤੀਗਤ ਬਣਾਈ ਸਲਾਹ ਅਤੇ ਅਨੁਕੂਲ ਬਣਾਏ ਉਤਪਾਦ ਪੇਸ਼ ਕਰਦਾ ਹੈ ਜੋ ਖਾਸ ਤੌਰ 'ਤੇ ਨਵੇਂ ਆਉਣ ਵਾਲਿਆਂ ਦੀਆਂ ਲੋੜਾਂ ਦੇ ਅਨੁਕੂਲ ਹੁੰਦੇ ਹਨ। ਜਦੋਂ ਨਵੇਂ ਆਉਣ ਵਾਲਿਆਂ ਦੀ ਯਾਤਰਾ ਦੀ ਗੱਲ ਆਉਂਦੀ ਹੈ, ਤਾਂ TD ਸਮਝਦਾ ਹੈ ਕਿ ਇੱਕੋ ਨੁਸਖ਼ਾ ਹਰ ਕਿਸੇ ਲਈ ਕਾਰਗਰ ਨਹੀਂ ਹੋ ਸਕਦਾ। ਗਾਹਕ ਦੇ ਜੀਵਨ ਦਾ ਪੜਾਅ, ਪਰਮਿਟ ਦੀ ਕਿਸਮ, ਜਾਂ ਇਮੀਗ੍ਰੇਸ਼ਨ ਸਟੇਟਸ ਵਰਗੇ ਕਾਰਕ ਕੈਨੇਡਾ ਵਿੱਚ ਆਰਾਮ ਨਾਲ ਸੈਟਲ ਹੋਣ ਦੀ ਉਹਨਾਂ ਦੀ ਯੋਗਤਾ ਨੂੰ ਪ੍ਰਭਾਵਿਤ ਕਰ ਸਕਦੇ ਹਨ।

### TD ਨੇ ਨਵੇਂ ਉਤਪਾਦ ਵੀ ਪੇਸ਼ ਕੀਤੇ ਹਨ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਕੈਨੇਡਾ ਵਿੱਚ ਨਵੇਂ ਆਏ ਲੋਕਾਂ ਨੂੰ ਵਿੱਤੀ ਮਾਮਲਿਆਂ ਦੀ ਤਬਦੀਲੀ ਦੀ ਚਿੰਤਾ ਨਾ ਕਰਨੀ ਪਵੇ। ਇਹਨਾਂ ਵਿੱਚ ਸ਼ਾਮਲ ਹਨ:

### * TD ਦਾ ਨਿਊ ਟੂ ਕੈਨੇਡਾ ਬੈਂਕਿੰਗ ਪੈਕੇਜ:

C$1,575 ਤੱਕ ਦੇ ਮੁੱਲ ਦੇ, ਇਸ ਖਾਸ ਤੌਰ 'ਤੇ ਨਵੇਂ ਆਉਣ ਵਾਲਿਆਂ (ਪੰਜ ਸਾਲ ਜਾਂ ਇਸ ਤੋਂ ਘੱਟ) ਲਈ ਬਿਨਾਂ ਕਿਸੇ ਫ਼ੀਸ ਵਾਲੇ ਵਿਸ਼ੇਸ਼ ਪੈਕੇਜ ਵਿੱਚ ਉਸ ਸਾਰੇ ਰੋਜ਼ਾਨਾ ਬੈਂਕਿੰਗ ਦੇ ਉਤਪਾਦ ਸ਼ਾਮਲ ਹਨ ਜਿਨ੍ਹਾਂ ਦੀ ਕਿਸੇ ਨਵੇਂ ਆਉਣ ਵਾਲੇ ਨੂੰ ਲੋੜ ਹੋ ਸਕਦੀ ਹੈ, ਜਿਸ ਵਿੱਚ ਪੂਰੇ ਸਾਲ ਲਈ, ਜਦੋਂ ਉਹ ਸਥਾਪਿਤ ਹੋ ਰਹੇ ਹੁੰਦੇ ਹਨ, ਉਹਨਾਂ ਦੇ ਬੈਂਕਿੰਗ ਖਾਤੇ 'ਤੇ ਫ਼ੀਸ ਮਾਫ਼ੀ, ਅਸੀਮਤ ਮੁਫ਼ਤ ਮਨੀ ਟ੍ਰਾਂਸਫਰ, ਕ੍ਰੈਡਿਟ ਤੱਕ ਪਹੁੰਚ, ਅਤੇ ਵਾਧੂ ਜੀਵਨ ਸ਼ੈਲੀ ਸੰਬੰਧੀ ਲਾਭ ਵੀ ਸ਼ਾਮਲ ਹੁੰਦੇ ਹਨ।

### * TD ਇੰਟਰਨੈਸ਼ਨਲ ਸਟੂਡੈਂਟ ਬੈਂਕਿੰਗ ਪੈਕੇਜ:

C$550 ਤੱਕ ਦੇ ਮੁੱਲ ਦਾ, ਇਹ ਪੈਕੇਜ ਅੰਤਰਰਾਸ਼ਟਰੀ ਵਿਦਿਆਰਥੀਆਂ ਲਈ ਵਿਲੱਖਣ ਵਿੱਤੀ ਹੱਲ ਪੇਸ਼ ਕਰਦਾ ਹੈ, ਜਿਵੇਂ ਕਿ ਬਿਨਾਂ ਫ਼ੀਸ ਦੇ ਅਸੀਮਤ ਸਟੂਡੈਂਟ ਚੈਕਿੰਗ ਖਾਤਾ, ਇੱਕ ਅਨਸਿਕਉਰਡ ਕ੍ਰੈਡਿਟ ਕਾਰਡ, ਇੱਕ ਸੇਵਿੰਗ ਅਕਾਊਂਟ, ਅਤੇ 12 ਮਹੀਨਿਆਂ ਲਈ ਮੁਫ਼ਤ TD ਗਲੋਬਲ ਟ੍ਰਾਂਸਫਰ। ਇਹ ਇੱਕ ਸਾਲ ਲਈ Amazon ਸਟੂਡੈਂਟ ਪ੍ਰਾਈਮ ਮੈਂਬਰਸ਼ਿਪ ਵੀ ਮੁਹੱਈਆ ਕਰਦਾ ਹੈ।

### * TD ਇੰਟਰਨੈਸ਼ਨਲ ਸਟੂਡੈਂਟ GIC ਪ੍ਰੋਗਰਾਮ:

TD ਇੱਕ ਪੂਰੀ ਤਰ੍ਹਾਂ ਡਿਜੀਟਲ, ਬਿਨਾਂ ਫ਼ੀਸ ਦੇ, TD ਇੰਟਰਨੈਸ਼ਨਲ ਸਟੂਡੈਂਟ GIC ਪ੍ਰੋਗਰਾਮ ਪੇਸ਼ ਕਰਦਾ ਹੈ, ਜੋ ਸੰਭਾਵੀ ਵਿਦਿਆਰਥੀਆਂ ਨੂੰ ਸੰਘੀ ਸਰਕਾਰ ਦੇ ਤੇਜ਼ ਸਟਡੀ ਪਰਮਿਟ ਪ੍ਰੋਸੈਸਿੰਗ ਪ੍ਰੋਗਰਾਮ ਦੀ GIC (ਗਾਰੰਟਿਡ ਇਨਵੈਸਟਮੈਂਟ ਸਰਟੀਫਿਕੇਟ) ਲੋੜਾਂ ਨੂੰ ਪੂਰਾ ਕਰਨ ਦੀ ਸਹੂਲਤ ਦਿੰਦਾ ਹੈ।

## ਸਾਨੂੰ ਸਾਡੀਆਂ ਉਦਯੋਗ-ਮੋਹਰੀ ਬਹੁ-ਭਾਸ਼ਾਈ ਸਮਰੱਥਾਵਾਂ 'ਤੇ ਮਾਣ ਹੈ

TD ਨੇ ਆਪਣੀ ਸੇਵਾ ਨੂੰ ਕਈ ਭਾਸ਼ਾਵਾਂ ਵਿੱਚ ਪੇਸ਼ ਕਰਨ ਨੂੰ ਤਰਜੀਹ ਦਿੱਤੀ ਹੈ। ਸਾਡੇ ਬ੍ਰਾਂਚ ਨੈੱਟਵਰਕ ਵਿੱਚ, TD ਸਹਿਕਰਮੀ 50 ਭਾਸ਼ਾਵਾਂ ਬੋਲਦੇ ਹਨ, ਅਤੇ ਫ਼ੋਨ 'ਤੇ 200 ਤੋਂ ਵੱਧ ਭਾਸ਼ਾਵਾਂ ਵਿੱਚ ਮਦਦ ਪੇਸ਼ ਕੀਤੀ ਜਾਂਦੀ ਹੈ। ਇਸ ਤੋਂ ਇਲਾਵਾ, TD ਦੇ ATM ਸੱਤ ਭਾਸ਼ਾਵਾਂ ਵਿੱਚ ਸੇਵਾ ਪੇਸ਼ ਕਰਦੇ ਹਨ, ਅਤੇ TD ਇੱਕੋ ਇੱਕ ਕੈਨੇਡੀਅਨ ਬੈਂਕ ਹੈ ਜੋ ਪੰਜਾਬੀ, ਪੁਰਤਗਾਲੀ ਅਤੇ ਇਤਾਲਵੀ ਵਿੱਚ ATM ਸੇਵਾ ਪੇਸ਼ ਕਰਦਾ ਹੈ। ਨਵੇਂ ਆਏ ਲੋਕ ਮਹੱਤਵਪੂਰਨ ਵਿੱਤੀ ਸੰਕਲਪਾਂ ਅਤੇ TD ਉਤਪਾਦਾਂ ਅਤੇ ਸੇਵਾਵਾਂ ਨੂੰ ਬਿਹਤਰ ਤਰੀਕੇ ਨਾਲ ਸਮਝਣ ਲਈ ਇੱਕ ਵੱਖਰੀ ਭਾਸ਼ਾ ਵਿੱਚ ਦਸਤਾਵੇਜ਼ਾਂ ਦੀ ਬੇਨਤੀ ਵੀ ਕਰ ਸਕਦੇ ਹਨ।

ਕਿਸੇ ਵੀ TD ਨਿਊ ਟੂ ਕੈਨੇਡਾ ਪੈਕੇਜਾਂ ਲਈ ਅਰਜ਼ੀ ਦੇਣ ਵਾਸਤੇ, ਜਾਂ ਜੇਕਰ ਤੁਹਾਡੇ ਕੋਲ ਵਿੱਤ ਜਾਂ ਬੈਂਕਿੰਗ ਸੰਬੰਧੀ ਕੋਈ ਸਵਾਲ ਹਨ, ਤਾਂ ਤੁਸੀਂ ਇੱਥੇ ਕਲਿਕ ਕਰਕੇ TD ਪਰਸਨਲ ਬੈਂਕਰ ਨਾਲ ਅਪਾਇੰਟਮੈਂਟ ਬੁੱਕ ਕਰ ਸਕਦੇ ਹੋ।

# ਕਾਰਜੈਕਿੰਗ ਦੇ ਸਬੰਧ ਵਿੱਚ 16 ਸਾਲਾ ਲੜਕੇ ਸਮੇਤ ਤਿੰਨ ਗ੍ਰਿਫਤਾਰ

ਟੋਰਾਂਟੋ, 27 ਅਪਰੈਲ (ਪੋਸਟ ਬਿਊਰੋ) : ਅਪਰੈਲ ਦੇ ਮੱਧ ਵਿੱਚ ਸਿਟੀ ਦੇ ਵੱਖ ਵੱਖ ਇਲਾਕਿਆਂ ਵਿੱਚ ਵਾਪਰੀਆਂ ਕਾਰਜੈਕਿੰਗ ਦੀਆਂ ਕਈ ਘਟਨਾਵਾਂ ਦੇ ਸਬੰਧ ਵਿੱਚ ਗ੍ਰਿਫਤਾਰ ਤਿੰਨ ਵਿਅਕਤੀਆਂ ਵਿੱਚ ਇੱਕ 16 ਸਾਲਾ ਲੜਕਾ ਵੀ ਸ਼ਾਮਲ ਹੈ।

ਟੋਰਾਂਟੋ ਪੁਲਿਸ ਨੇ ਦੱਸਿਆ ਕਿ 17 ਅਪਰੈਲ ਤੇ 19 ਅਪਰੈਲ ਦਰਮਿਆਨ ਪਾਰਕਵੁੱਡਜ਼ ਤੇ ਵੈਕਸਫੋਰਡ/ਮੈਰੀਵੇਲ ਇਲਾਕੇ ਵਿੱਚ ਕਾਰਜੈਕਿੰਗ ਦੀਆਂ ਚਾਰ ਘਟਨਾਵਾਂ ਵਾਪਰੀਆਂ। ਇਹ ਇਲਾਕਾ ਹਾਈਵੇਅ 401 ਤੇ ਡੌਨ ਵੈਲੀ ਪਾਰਕਵੇਅ ਅਤੇ ਜੇਨ ਸਟਰੀਟ ਤੇ ਫਿੰਚ ਐਵਨਿਊ ਵੈਸਟ ਨੇੜੇ ਹੰਬਰ ਸਟਰੀਟ ਉੱਤੇ ਸਥਿਤ ਹੈ। ਜਾਂਚਕਾਰਾਂ ਅਨੁਸਾਰ ਹਰੇਕ ਮਾਮਲੇ ਵਿੱਚ ਇੱਕ ਪੁਰਸ਼ ਨੇ ਹੈਂਡਗੰਨ ਨਾਲ ਡਰਾਈਵਰ ਤੱਕ ਪਹੁੰਚ ਕੀਤੀ ਤੇ ਉਨ੍ਹਾਂ ਕੋਲੋਂ ਗੱਡੀ ਦੀ ਮੰਗ ਕੀਤੀ। ਤਿੰਨ ਮਾਮਲਿਆਂ ਵਿੱਚ ਤਾਂ ਉਹ ਵਿਅਕਤੀ ਗੱਡੀਆਂ




ਲੈ ਕੇ ਜਾਣ ਵਿੱਚ ਸਫਲ ਹੋ ਗਿਆ ਪਰ ਚੌਥੇ ਮਾਮਲੇ ਵਿੱਚ ਉਸ ਨੂੰ ਇਲਾਕੇ ਵਿੱਚੋਂ ਖਾਲੀ ਹੱਥ ਮੁੜਨਾ ਪਿਆ।

ਪੁਲਿਸ ਨੇ ਤਿੰਨ ਮਸ਼ਕੂਕਾਂ ਦੀ ਪਛਾਣ ਕਰ ਲਈ ਤੇ ਉਨ੍ਹਾਂ ਵਿੱਚੋਂ ਦੋ, ਇੱਕ ਪੁਰਸ਼ ਤੇ ਮਹਿਲਾ, ਨੂੰ 20 ਅਪਰੈਲ ਨੂੰ ਚੋਰੀ ਦੀ ਗੱਡੀ ਨਾਲ ਗ੍ਰਿਫਤਾਰ ਕਰ ਲਿਆ ਗਿਆ। ਜਾਂਚ ਦੌਰਾਨ ਹੀ ਪੁਲਿਸ ਨੂੰ ਤੀਜੀ ਗੱਡੀ ਵੀ ਲੱਭ ਗਈ। ਜਾਂਚਕਾਰਾਂ ਨੇ ਤਿੰਨਾਂ ਗੱਡੀਆਂ ਦੀ ਤਲਾਸ਼ੀ ਲਈ ਤੇ ਜਾਂਚ ਨਾਲ ਸਬੰਧਤ ਸਬੂਤ ਵੀ ਬਰਾਮਦ ਕੀਤੇ। ਪੁਲਿਸ ਨੂੰ ਏਅਰਸੌਫਟ ਹੈਂਡਗੰਨ ਮਿਲੀ ਜਿਸ ਦਾ ਐਕਸਟੈਂਡਿਡ ਮੈਗਜ਼ੀਨ ਸੀ। ਟੋਰਾਂਟੋ ਦੇ 33 ਸਾਲਾ ਜੌਨਾਥਨ ਹੈੱਫਮੈਨ ਨੂੰ 24 ਮਾਮਲਿਆਂ ਵਿੱਚ ਚਾਰਜ ਕੀਤਾ ਗਿਆ ਹੈ। ਇਨ੍ਹਾਂ ਵਿੱਚ ਡਾਕਾ, ਹਥਿਆਰ ਰੱਖਣ, ਪ੍ਰੋਹਿਬਸ਼ਨ ਆਰਡਰ ਦੇ ਬਾਵਜੂਦ ਹਥਿਆਰ ਰੱਖਣ ਤੇ ਹਥਿਆਰਾਂ ਦੇ ਸਿਰ ਉੱਤੇ ਲੁੱਟ ਖੋਹ ਕਰਨ ਦੇ ਚਾਰਜਿਜ਼ ਸ਼ਾਮਲ ਹਨ।

ਇਸ ਦੌਰਾਨ ਟੋਰਾਂਟੋ ਦੀ 31 ਸਾਲਾ ਜੈਸਿਕਾ ਚੌਕ ਨੂੰ ਜੁਰਮ ਨਾਲ ਹਾਸਲ ਕੀਤੀ ਚੋਰੀ ਦੀ ਸੰਪਤੀ ਰੱਖਣ ਲਈ ਵੀ ਚਾਰਜ ਕੀਤਾ ਗਿਆ ਹੈ। ਉਸ ਨੂੰ ਅੰਡਰਟੇਕਿੰਗ ਤੋਂ ਬਾਅਦ ਰਿਹਾਅ ਕਰ ਦਿੱਤਾ ਗਿਆ ਹੈ ਤੇ ਉਸ ਦੀ ਅਗਲੀ ਪੇਸ਼ੀ 30 ਮਈ ਨੂੰ ਹੈ। ਪੁਲਿਸ ਤੀਜੇ ਮਸ਼ਕੂਕ, ਜੋ ਕਿ 16 ਸਾਲਾਂ ਦਾ ਹੈ, ਨੂੰ ਲੋਕੇਟ ਨਹੀਂ ਸੀ ਕਰ ਪਾ ਰਹੀ। ਇਸ ਲਈ ਉਸ ਦੀ ਗ੍ਰਿਫਤਾਰ ਸਬੰਧੀ ਵਾਰੰਟ ਜਾਰੀ ਕੀਤੇ ਗਏ। ਪਰ ਬਾਅਦ ਵਿੱਚ 22 ਅਪਰੈਲ ਨੂੰ ਮਸ਼ਕੂਕ ਨੇ ਆਤਮ ਸਮਰਪਣ ਕਰ ਦਿੱਤਾ। ਇਸ ਟੀਨੇਜਰ ਖਿਲਾਫ 11 ਚਾਰਜਿਜ਼ ਲਾਏ ਗਏ ਹਨ।

# ਕੈਨੇਡਾ ਨੇ ਸੁਡਾਨ ਵਿੱਚ ਕਾਉਂਸਲਰ ਸੇਵਾਵਾਂ ਕੀਤੀਆਂ ਸਸਪੈਂਡ, ਡਿਪਲੋਮੈਟਸ ਨੂੰ ਕੱਢਿਆ ਬਾਹਰ

ਓਟਵਾ, 27 ਅਪਰੈਲ (ਪੋਸਟ ਬਿਊਰੋ) : ਪੂਰਬੀ ਅਫਰੀਕੀ ਮੁਲਕ ਸੁਡਾਨ ਤੋਂ ਕੈਨੇਡਾ ਨੇ ਐਤਵਾਰ ਨੂੰ ਆਪਣੀਆਂ ਕਾਊਂਸਲਰ ਸੇਵਾਵਾਂ ਸਸਪੈਂਡ ਕਰ ਦਿੱਤੀਆਂ। ਸੁਡਾਨ ਵਿੱਚ ਹਥਿਆਰਬੰਦ ਸੰਘਰਸ਼ ਸ਼ੁਰੂ ਹੋਣ ਕਾਰਨ ਇਹ ਫੈਸਲਾ ਫੈਡਰਲ ਸਰਕਾਰ ਵੱਲੋਂ ਲਿਆ ਗਿਆ।



ਮੀਡੀਆ ਰਿਪੋਰਟਾਂ ਅਨੁਸਾਰ ਕੈਨੇਡੀਅਨ ਡਿਪਲੋਮੈਟਸ ਹਾਲ ਦੀ ਘੜੀ ਸੁਡਾਨ ਤੋਂ ਬਾਹਰੋਂ ਕਿਸੇ ਸੁਰੱਖਿਅਤ ਥਾਂ ਤੋਂ ਆਰਜ਼ੀ ਤੌਰ ਉੱਤੇ ਕੰਮ ਕਰਨਗੇ। ਇਸ ਦੇ ਨਾਲ ਹੀ ਸੁਡਾਨ ਵਿੱਚ ਨਾਗਰਿਕਾਂ ਦੀ ਮਦਦ ਕੈਨੇਡਾ ਵੱਲੋਂ ਜਾਰੀ ਰੱਖੀ ਜਾਵੇਗੀ।

ਪ੍ਰਾਪਤ ਜਾਣਕਾਰੀ ਅਨੁਸਾਰ ਸੁਡਾਨ ਵਿੱਚ ਚੱਲ ਰਹੇ ਇਸ ਖੂਨੀ ਸੰਘਰਸ਼ ਦੌਰਾਨ 264 ਸਿਵਲੀਅਨਜ਼ ਸਮੇਤ 420 ਤੋਂ ਵੀ ਵੱਧ ਲੋਕ ਮਾਰੇ ਜਾ ਚੁੱਕੇ ਹਨ ਤੇ 3700 ਤੋਂ ਵੀ ਵੱਧ ਜ਼ਖ਼ਮੀ ਹੋ ਚੁੱਕੇ ਹਨ। ਇਹ ਸੰਘਰਸ਼ ਸੁਡਾਨੀ ਹਥਿਆਰਬੰਦ ਸੈਨਾਵਾਂ ਤੇ ਸ਼ਕਤੀਸ਼ਾਲੀ ਪੈਰਾਮਿਲਟਰੀ ਗਰੁੱਪ, ਜਿਸ ਨੂੰ ਰੈਪਿਡ ਸਪੋਰਟ ਫੋਰਸਿਜ਼(ਆਰਐਸਐਫ) ਵਜੋਂ ਵੀ ਜਾਣਿਆ ਜਾਂਦਾ ਹੈ, ਦਰਮਿਆਨ ਚੱਲ ਰਿਹਾ ਹੈ।

ਸੱਤਾ ਦੀ ਵੰਡ ਨੂੰ ਲੈ ਕੇ ਸ਼ੁਰੂ ਹੋਏ ਝਗੜੇ ਕਾਰਨ ਨੌਂ ਦਿਨਾਂ ਦੇ ਅੰਦਰ ਐਨੇ ਲੋਕ ਮਾਰੇ ਜਾ ਚੁੱਕੇ ਹਨ। ਸ਼ਨਿੱਚਰਵਾਰ ਨੂੰ ਹਾਸਲ ਹੋਈ ਜਾਣਕਾਰੀ ਅਨੁਸਾਰ 596 ਕੈਨੇਡੀਅਨ ਨਾਗਰਿਕ ਸੰਘਰਸ਼ ਛਿੜਣ ਤੱਕ ਸੁਡਾਨ ਵਿੱਚ ਰਜਿਸਟਰਡ ਸਨ। ਪਰ ਸੁਡਾਨ ਵਿੱਚ ਕੈਨੇਡਾ ਦੇ ਸਾਬਕਾ ਸਫੀਰ ਰਹਿ ਚੁੱਕੇ ਨਿਕੋਲਸ ਕੌਗਲੈਨ ਅਨੁਸਾਰ ਇਹ ਗਿਣਤੀ ਕਿਤੇ ਜ਼ਿਆਦਾ ਹੋ ਸਕਦੀ ਹੈ ਕਿਉਂਕਿ ਕਈ ਲੋਕਾਂ ਕੋਲ ਕੈਨੇਡਾ ਤੇ ਸੁਡਾਨ ਦੀ ਦੋਹਰੀ ਨਾਗਰਿਕਤਾ ਹੈ। ਜ਼ਿਕਰਯੋਗ ਹੈ ਕਿ ਕੈਨੇਡਾ ਵੱਲੋਂ ਅਜੇ ਕਿੰਨੇ ਕੈਨੇਡੀਅਨ ਨਾਗਰਿਕਾਂ ਨੂੰ ਉੱਥੋਂ ਕੱਢਿਆ ਵੀ ਜਾ ਚੁੱਕਿਆ ਹੈ।

## ਅੱਜ ਨਾਮਾ

ਦਿੱਲੀ ਮੇਅਰ ਦੀ ਚੋਣ ਜਦ ਹੋਈ ਮੁੜ ਕੇ,
ਛੱਡ ਗਈ ਭਾਜਪਾ ਕਹਿੰਦੇ ਨੇ ਰਾਹ ਬੇਲੀ।
ਪਿਛਲੀ ਚੋਣ ਵਿੱਚ ਜਿੱਦਾਂ ਦੀ ਪਈ ਭਾਜੜ,
ਰਲਦਾ ਹਾਲੇ ਨਹੀਂ ਸਾਹ ਵਿੱਚ ਸਾਹ ਬੇਲੀ।
ਕੌਂਸਲਰ ਵਧੇ ਨਾ ਘਟੇ ਸਨ ਦੋਂਹ ਤਰਫੀਂ,
ਅਜੇ ਵੀ ਹੋਣਾ ਵਿਰੋਧੀ ਨਹੀਂ ਢਾਹ ਬੇਲੀ।
ਕਾਹਦਾ ਕਰਨਾ ਵਿਰੋਧ ਫਿਰ ਚੋਣ ਲੜ ਕੇ,
ਦਿੱਸ ਰਿਹਾ ਸਾਫ ਕਿ ਨਹੀਂ ਹੈ ਵਾਹ ਬੇਲੀ।
ਵਾਧੂ ਭਿੜਨ ਲਈ ਐਵੇਂ ਕਿਉਂ ਭਿੜੀ ਜਾਣਾ,
ਐਵੇਂ ਈ ਜ਼ੋਰ ਨਹੀਂ ਲਾਉਣ ਦੀ ਲੋੜ ਬੇਲੀ।
ਲਾਇਆ ਤਾਣ ਜਾਊਗਾ ਸਾਰਾ ਸਾਲ ਅਗਲੇ,
ਦਿੱਸ ਪਊ ਤਾਕਤ ਦਾ ਅਸਲ ਨਿਚੋੜ ਬੇਲੀ।

**ਤੀਸ ਮਾਰ ਖਾਂ**

### ਇਕ ਵਾਰ ਫਿਰ ਲੜਨਗੇ ਜੋਅ ਬਾਈਡਨ ਰਾਸ਼ਟਰਪਤੀ ਦੀ ਚੋਣ, ਪੇਸ਼ ਕੀਤਾ ਦਾਅਵਾ

ਵਾਸ਼ਿੰਗਟਨ, 27 ਅਪ੍ਰੈਲ (ਪੋਸਟ ਬਿਊਰੋ): ਅਮਰੀਕੀ ਰਾਸ਼ਟਰਪਤੀ ਜੋ ਬਾਈਡਨ ਇੱਕ ਵਾਰ ਫਿਰ ਤੋਂ ਆਗਾਮੀ ਰਾਸ਼ਟਰਪਤੀ ਚੋਣ ਵਿੱਚ ਉਮੀਦਵਾਰ ਵਜੋਂ ਚੋਣ ਲੜਨਗੇ। ਜੋ ਬਾਈਡਨ ਨੇ ਬੀਤੇ ਦਿਨੀਂ ਇਹ ਐਲਾਨ ਕੀਤਾ। ਉਨ੍ਹਾਂ ਇਹ ਵੱਡਾ ਐਲਾਨ ਕਰਦੇ ਹੋਏ ਕਿਹਾ ਕਿ ਉਨ੍ਹਾਂ ਨੂੰ ਉਮੀਦ ਹੈ ਕਿ ਅਮਰੀਕੀ ਨਾਗਰਿਕ ਲੋਕਤੰਤਰ ਨੂੰ ਬਚਾਉਣ ਅਤੇ ਕੰਮ ਖਤਮ ਕਰਨ ਲਈ ਆਉਣ ਵਾਲੀਆਂ ਰਾਸ਼ਟਰਪਤੀ ਚੋਣਾਂ 'ਚ ਉਨ੍ਹਾਂ ਨੂੰ ਅਤੇ ਉਪ ਰਾਸ਼ਟਰਪਤੀ ਕਮਲਾ ਹੈਰਿਸ ਨੂੰ ਦੁਬਾਰਾ ਚੁਣਨਗੇ। ਡੈਮੋਕ੍ਰੇਟਿਕ ਪਾਰਟੀ ਦੇ ਨੇਤਾ ਅਤੇ ਮੌਜੂਦਾ ਰਾਸ਼ਟਰਪੀ ਜੋ ਬਾਈਡਨ ਨੇ ਤਿੰਨ ਮਿੰਟ ਦਾ ਪ੍ਰਚਾਰ ਵੀਡੀਓ ਜਾਰੀ ਕਰਕੇ ਇਹ ਐਲਾਨ ਕੀਤਾ। ਵੀਡੀਓ ਦੀ ਸ਼ੁਰੂਆਤ 'ਆਜ਼ਾਦੀ' ਸ਼ਬਦ ਨਾਲ ਹੁੰਦੀ ਹੈ। ਖਾਸ ਗੱਲ ਇਹ ਹੈ ਕਿ ਰਾਸ਼ਟਰਪਤੀ ਬਾਈਡਨ ਦੀ ਉਮਰ 80 ਸਾਲ ਹੈ ਅਤੇ ਉਹ ਇਸ ਉਮਰ ਵਿਚ ਵੀ ਇਕ ਵਾਰ ਫਿਰ ਤੋਂ ਚੋਣ ਲੜਨ ਜਾ ਰਹੇ ਹਨ।

# ਪੰਜਾਬੀ ਕੁੜੀ ਦਾ ਕਤਲ ਕਰਨ ਵਾਲੇ ਖਿਲਾਫ ਵਾਰੰਟ ਜਾਰੀ

ਬਰੈਂਪਟਨ, 27 ਅਪਰੈਲ (ਪੋਸਟ ਬਿਊਰੋ) : ਮਿਸੀਸਾਗਾ ਵਿੱਚ ਗੈਸ ਸਟੇਸ਼ਨ ਉੱਤੇ ਇੱਕ ਮਹਿਲਾ ਨੂੰ ਪੂਰੀ ਪਲੈਨਿੰਗ ਤੋਂ ਬਾਅਦ ਗੋਲੀਆਂ ਮਾਰ ਕੇ ਮੌਤ ਦੇ ਘਾਟ ਉਤਾਰਨ ਵਾਲੇ ਵਿਅਕਤੀ ਖਿਲਾਫ ਪੀਲ ਰੀਜਨਲ ਪੁਲਿਸ ਵੱਲੋਂ ਕੈਨੇਡਾ ਭਰ ਵਿੱਚ ਵਾਰੰਟ ਜਾਰੀ ਕੀਤੇ ਗਏ ਹਨ।

ਪੁਲਿਸ ਨੇ ਦੱਸਿਆ ਕਿ 3 ਦਸੰਬਰ, 2022 ਦਿਨ ਸ਼ਨਿੱਚਰਵਾਰ ਨੂੰ ਰਾਤੀਂ 10:40 ਦੇ ਨੇੜੇ ਤੇੜੇ ਕ੍ਰੈਡਿਟਵਿਊ ਤੇ ਬ੍ਰਿਟੇਨੀਆ ਰੋਡਜ਼ ਉੱਤੇ ਸਥਿਤ ਪੈਟਰੋ ਕੈਨੇਡਾ ਗੈਸ ਸਟੇਸ਼ਨ ਉੱਤੇ ਕਿਸੇ ਅਣਪਛਾਤੇ ਵਿਅਕਤੀ ਨੇ ਬਰੈਂਪਟਨ ਦੀ 21 ਸਾਲਾ ਪਵਨਪ੍ਰੀਤ ਕੌਰ ਨੂੰ ਗੋਲੀਆਂ ਮਾਰ ਕੇ ਮਾਰ ਸੁੱਟਿਆ। ਜਾਂਚਕਾਰਾਂ ਵੱਲੋਂ ਇਸ ਗੱਲ ਦੀ ਪੁਸ਼ਟੀ ਕੀਤੀ ਗਈ ਕਿ ਪਵਨਪ੍ਰੀਤ ਕੌਰ ਉਸ ਸਮੇਂ ਗੈਸ ਸਟੇਸ਼ਨ ਉੱਤੇ ਕੰਮ ਕਰ ਰਹੀ ਸੀ ਤੇ ਪੁਲਿਸ ਨੇ ਦੱਸਿਆ ਕਿ ਉਸ ਨੂੰ ਸੋਚ ਸਮਝ ਕੇ ਪਲੈਨਿੰਗ ਨਾਲ ਮਾਰਿਆ ਗਿਆ ਹੈ।

ਸੋਮਵਾਰ ਨੂੰ ਪੀਲ ਹੋਮੀਸਾਈਡ



ਬਿਊਰੋ ਨੇ ਇਸ ਕਤਲ ਨੂੰ ਅੰਜਾਮ ਦੇਣ ਵਾਲੇ ਸ਼ਖਸ ਦੀ ਪਛਾਣ 30 ਸਾਲਾ ਧਰਮ ਸਿੰਘ ਧਾਲੀਵਾਲ ਵਜੋਂ ਕੀਤੀ, ਜਿਹੜਾ ਫਰਸਟ ਡਿਗਰੀ ਮਰਡਰ ਲਈ ਵਾਂਟਿਡ ਹੈ। ਪੁਲਿਸ ਨੇ ਦੱਸਿਆ ਕਿ ਧਾਲੀਵਾਲ ਸਤੰਬਰ 2022 ਵਿੱਚ ਜਾਣਬੁੱਝ ਕੇ ਲਾਪਤਾ ਹੋ ਗਿਆ ਪਰ ਜਾਂਚ ਤੋਂ ਸਾਹਮਣੇ ਆਇਆ ਕਿ ਇਹ ਸੱਭ ਪਵਨਪ੍ਰੀਤ ਦੇ ਕਤਲ ਦੀ ਪਲੈਨਿੰਗ ਲਈ ਕੀਤਾ ਗਿਆ। ਧਰਮ ਸਿੰਘ ਬਾਰੇ ਜਾਰੀ ਵੇਰਵੇ ਅਨੁਸਾਰ ਉਸ ਦਾ ਕੱਦ ਪੰਜ ਫੁੱਟ ਅੱਠ ਇੰਚ ਤੇ ਵਜ਼ਨ 170 ਪਾਊਂਡ ਦੱਸਿਆ ਜਾਂਦਾ ਹੈ। ਉਸ ਦੇ ਖੱਬੇ ਹੱਥ ਉੱਤੇ ਟੈਟੂ ਵੀ ਹੈ।

ਪੁਲਿਸ ਨੇ ਦੱਸਿਆ ਕਿ ਧਾਲੀਵਾਲ, ਜਿਸ ਦੇ ਲਿੰਕ ਓਨਟਾਰੀਓ, ਨਿਊ ਬਰੰਜ਼ਵਿੱਕ, ਵਿਨੀਪੈਗ ਤੇ ਵੈਨਕੂਵਰ ਵਿੱਚ ਵੀ ਹਨ, ਹਥਿਆਰਬੰਦ ਤੇ ਖਤਰਨਾਕ ਹੋ ਸਕਦਾ ਹੈ। ਉਸ ਦੇ ਪਰਿਵਾਰਕ ਮੈਂਬਰਾਂ ਉੱਤੇ ਵੀ ਉਸ ਦੀ ਮਦਦ ਕਰਨ ਦਾ ਦੋਸ਼ ਲਾਇਆ ਗਿਆ ਹੈ ਤੇ ਉਨ੍ਹਾਂ ਨੂੰ ਚਾਰਜ ਵੀ ਕੀਤਾ ਗਿਆ ਹੈ।

ਪੀਲ ਪੁਲਿਸ ਨੇ ਦੱਸਿਆ ਕਿ ਪਵਨ ਦੇ ਕਤਲ ਦੇ ਸਬੰਧ ਵਿੱਚ ਧਾਲੀਵਾਲ ਦੇ ਦੋ ਪਰਿਵਾਰਕ ਮੈਂਬਰਾਂ ਨੂੰ ਚਾਰਜ ਕੀਤਾ ਗਿਆ।

ਅਧਿਕਾਰੀਆਂ ਨੇ ਦੱਸਿਆ ਕਿ 25 ਸਾਲਾ ਪ੍ਰਿਤਪਾਲ ਧਾਲੀਵਾਲ ਤੇ 50 ਸਾਲਾ ਅਮਰਜੀਤ ਧਾਲੀਵਾਲ ਨੂੰ ਮੌਂਕਟਨ, ਨਿਊ ਬਰੰਜ਼ਵਿੱਕ ਤੋਂ ਗ੍ਰਿਫਤਾਰ ਕੀਤਾ ਗਿਆ ਹੈ। ਪੁਲਿਸ ਨੇ ਸਪਸ਼ਟ ਕੀਤਾ ਕਿ ਧਰਮ ਧਾਲੀਵਾਲ ਦੀ ਮਦਦ ਕਰਨ ਤੇ ਉਸ ਨੂੰ ਪਨਾਹ ਦੇਣ ਵਾਲਿਆਂ ਨੂੰ ਵੀ ਚਾਰਜ ਕੀਤਾ ਜਾਵੇਗਾ। ਇਸ ਦੇ ਨਾਲ ਹੀ ਪੁਲਿਸ ਨੇ ਧਰਮ ਨੂੰ ਆਤਮ ਸਮਰਪਣ ਕਰਨ ਲਈ ਵੀ ਆਖਿਆ ਹੈ।

# ਲਾਪਤਾ ਬੱਚੇ ਤੇ ਮਹਿਲਾ ਦੀ ਸੇਫਟੀ ਨੂੰ ਲੈ ਕੇ ਪੁਲਿਸ ਚਿੰਤਤ

ਟੋਰਾਂਟੋ, 27 ਅਪਰੈਲ (ਪੋਸਟ ਬਿਊਰੋ) : ਟੋਰਾਂਟੋ ਪੁਲਿਸ ਇੱਕ ਲਾਪਤਾ ਮਹਿਲਾ ਤੇ ਬੱਚੇ ਦੀ ਭਾਲ ਕਰਨ ਦੀ ਕੋਸ਼ਿਸ਼ ਕਰ ਰਹੀ ਹੈ, ਜਿਨ੍ਹਾਂ ਨੂੰ ਆਖਰੀ ਵਾਰੀ ਸੋਮਵਾਰ ਦੁਪਹਿਰ ਨੂੰ ਵੇਖਿਆ ਗਿਆ ਸੀ।

ਪੁਲਿਸ ਨੇ ਦੱਸਿਆ ਕਿ 33 ਸਾਲਾ ਐਡਰੀਅਨ ਤੇ ਇੱਕ ਮਹੀਨੇ ਦੀ ਕੈਲੀਆ ਨੂੰ ਆਖਰੀ ਵਾਰੀ ਦੁਪਹਿਰ ਦੇ 3:30 ਵਜੇ ਮੌਰਨਿੰਗਸਾਈਡ ਤੇ ਸਟੇਨਜ਼ ਐਵਨਿਊ ਇਲਾਕੇ ਵਿੱਚ ਵੇਖਿਆ ਗਿਆ। ਐਡਰੀਅਨ ਪੰਜ ਫੁੱਟ ਛੇ ਇੰਚ, ਦਰਮਿਆਨੀ ਕੱਦਕਾਠੀ ਵਾਲੀ ਦੱਸੀ ਜਾਂਦੀ ਹੈ ਤੇ ਉਸ ਦੇ ਵਾਲਾਂ ਦਾ ਰੰਗ ਕਾਲਾ ਹੈ। ਉਸ ਨੂੰ ਆਖਰੀ ਵਾਰੀ ਪਿੰਕ ਜੈਕੇਟ, ਪਿੰਕ ਸ਼ਰਟ, ਕਾਲੀ ਪੈਂਟ ਤੇ ਕਾਲੇ ਸ਼ੂਜ਼ ਪਾਇਆਂ ਵੇਖਿਆ



ਗਿਆ।

ਉਸ ਨੂੰ ਬੇਬੀ ਕੈਰੀਅਰ ਦੇ ਨਾਲ ਦੇਖਿਆ ਗਿਆ ਜਿਸ ਵਿੱਚ ਪਿੰਕ ਰੰਗ ਦੇ ਬਲੈਂਕੇਟ ਵਿੱਚ ਕੈਲੀਆ ਵੀ ਸੀ। ਪੁਲਿਸ ਨੇ ਮਹਿਲਾ ਤੇ ਬੱਚੇ ਦਰਮਿਆਨ ਰਿਸ਼ਤੇ ਦਾ ਖੁਲਾਸਾ ਨਹੀਂ ਕੀਤਾ ਹੈ ਪਰ ਉਨ੍ਹਾਂ ਆਖਿਆ ਕਿ ਉਨ੍ਹਾਂ ਦੀ ਸੇਫਟੀ ਨੂੰ ਲੈ ਕੇ ਉਹ ਚਿੰਤਤ ਹਨ।

Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| **Founder Editor** | Jagdish Singh Grewal |
| **Managing Director** | Parminder Kaur Grewal |
| **Contributing Editor** | Gyan Singh, |
| **Office Admin** | Sajandeep Singh |
| **Graphic Designer** | Angrez Singh<br>Komal Matharu |
| **Photographer** | Kanwaljit Singh Kanwal |
| **Distributer** | Bhupinder Dhillon |
| **Marketing:** | Sajandeep Singh |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

# ਪਾਕਿਸਤਾਨ 'ਚ ਵਾਪਰੇ ਦੋ ਸੜਕ ਹਾਦਸਿਆਂ 'ਚ 15 ਲੋਕਾਂ ਦੀ ਮੌਤ

ਇਸਲਾਮਾਬਾਦ, 27 ਅਪ੍ਰੈਲ (ਪੋਸਟ ਬਿਊਰੋ): ਪਾਕਿਸਤਾਨ ਦੇ ਪੰਜਾਬ ਸੂਬੇ 'ਚ ਦੋ ਵੱਖ-ਵੱਖ ਸੜਕ ਹਾਦਸਿਆਂ 'ਚ 15 ਲੋਕਾਂ ਦੀ ਮੌਤ ਹੋ ਗਈ। ਜਾਨਾਂ ਗੁਆਉਣ ਵਾਲਿਆਂ ਵਿੱਚ ਔਰਤਾਂ ਅਤੇ ਬੱਚੇ ਵੀ ਸ਼ਾਮਲ ਹਨ। ਜਾਣਕਾਰੀ ਮੁਤਾਬਕ 'ਰੈਸਕਿਊ 1122' ਨੇ ਦੱਸਿਆ ਕਿ ਸੋਮਵਾਰ ਨੂੰ ਲਾਹੌਰ ਤੋਂ ਕਰੀਬ 350 ਕਿਲੋਮੀਟਰ ਦੂਰ ਲੋਧਰਾਨ ਜ਼ਿਲੇ 'ਚ ਇਕ ਤੇਜ਼ ਰਫਤਾਰ ਤੇਲ ਟੈਂਕਰ ਦੀ ਲਪੇਟ 'ਚ ਆਉਣ ਨਾਲ ਇਕ ਹੀ ਪਰਿਵਾਰ ਦੇ 8 ਲੋਕਾਂ ਦੀ ਮੌਤ ਹੋ ਗਈ।

ਹਾਦਸੇ ਦੇ ਸਮੇਂ ਪਰਿਵਾਰ ਦੇ ਕਈ ਮੈਂਬਰ ਆਪਣੀਆਂ ਝੌਂਪੜੀਆਂ ਵਿੱਚ ਸੁੱਤੇ ਹੋਏ ਸਨ। 'ਰੇਸਕਿਊ 1122' ਦੇ ਅਨੁਸਾਰ ਟਾਇਰ ਫਟਣ ਤੋਂ ਬਾਅਦ ਇੱਕ ਟੈਂਕਰ ਬੇਕਾਬੂ ਹੋ ਕੇ ਝੌਂਪੜੀਆਂ ਵਿੱਚ ਜਾ ਟਕਰਾਇਆ। ਹਾਦਸੇ ਤੋਂ ਬਾਅਦ ਵਾਹਨ ਚਾਲਕ ਫਰਾਰ ਹੈ। ਉਸ ਖਿਲਾਫ ਮਾਮਲਾ ਦਰਜ ਕਰ ਲਿਆ ਗਿਆ ਹੈ।

ਇੱਕ ਹੋਰ ਘਟਨਾ ਵਿੱਚ ਲਾਹੌਰ ਤੋਂ ਕਰੀਬ 130 ਕਿਲੋਮੀਟਰ ਦੂਰ ਉਕਾਰਾ ਵਿੱਚ ਇੱਕ ਬੱਸ ਅਤੇ ਕਾਰ ਦੀ ਟੱਕਰ ਹੋ ਗਈ। ਇਸ ਹਾਦਸੇ ਵਿੱਚ ਇੱਕ ਹੀ ਪਰਿਵਾਰ ਦੇ 7 ਲੋਕਾਂ ਦੀ ਵੀ ਮੌਤ ਹੋ ਗਈ। ਇੱਕ ਆਟੋ ਰਿਕਸ਼ਾ ਨੂੰ ਬਚਾਉਣ ਦੀ ਕੋਸ਼ਿਸ਼ ਕਰਦੇ ਹੋਏ ਲਾਹੌਰ ਜਾ ਰਹੀ ਇੱਕ ਬੱਸ ਨੇ ਉਕਾਰਾ ਵਿਖੇ ਇੱਕ ਕਾਰ ਨੂੰ ਟੱਕਰ ਮਾਰ ਦਿੱਤੀ। ਹਾਦਸਾ ਇੰਨਾ ਭਿਆਨਕ ਸੀ ਕਿ ਕਾਰ ਪੂਰੀ ਤਰ੍ਹਾਂ ਕੁਚਲੀ ਗਈ ਅਤੇ ਇਸ 'ਚ ਸਵਾਰ ਮੁਹੰਮਦ ਸਾਜਿਦ, ਉਸ ਦੀ ਪਤਨੀ, ਉਸ ਦੀਆਂ ਦੋ ਨਾਬਾਲਗ ਧੀਆਂ, ਉਸ ਦੀ ਮਾਂ ਅਤੇ ਦੋ ਭਤੀਜਿਆਂ ਦੀ ਮੌਕੇ 'ਤੇ ਹੀ ਮੌਤ ਹੋ ਗਈ। ਬੱਸ ਡਰਾਈਵਰ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ।

# ਸ਼ੂਟਿੰਗ ਵਿੱਚ ਇੱਕ ਜ਼ਖ਼ਮੀ, ਪੁਲਿਸ ਕਰ ਰਹੀ ਹੈ ਜਾਂਚ




ਟੋਰਾਂਟੋ, 27 ਅਪਰੈਲ (ਪੋਸਟ ਬਿਊਰੋ) : ਸੋਮਵਾਰ ਰਾਤ ਨੂੰ ਨੌਰਥ ਯੌਰਕ ਵਿੱਚ ਸ਼ੂਟਿੰਗ ਤੋਂ ਬਾਅਦ ਜ਼ਖ਼ਮੀ ਹੋਏ ਇੱਕ ਵਿਅਕਤੀ ਨੂੰ ਹਸਪਤਾਲ ਲਿਜਾਇਆ ਗਿਆ। ਇਹ ਜਾਣਕਾਰੀ ਟੋਰਾਂਟੋ ਪੁਲਿਸ ਨੇ ਦਿੱਤੀ। ਜੇਨ ਸਟਰੀਟ ਤੇ ਯੌਰਕਵੁੱਡਜ਼ ਗੇਟ ਏਰੀਆ ਵਿੱਚ ਵਾਪਰੇ ਇਸ ਗੋਲੀਕਾਂਡ ਦੀ ਜਾਣਕਾਰੀ ਦੇ ਕੇ ਪੁਲਿਸ ਨੂੰ ਸੱਦਿਆ ਗਿਆ। ਮੌਕੇ ਉੱਤੇ ਪੁਲਿਸ ਨੂੰ ਇੱਕ ਵਿਅਕਤੀ ਗੋਲੀ ਲੱਗਣ ਕਾਰਨ ਜ਼ਖ਼ਮੀ ਹਾਲਤ ਵਿੱਚ ਮਿਲਿਆ।

ਇਸ ਸਮੇਂ ਉਸ ਵਿਅਕਤੀ ਦੀ ਕਿਹੋ ਜਿਹੀ ਹਾਲਤ ਹੈ ਇਸ ਬਾਰੇ ਕੋਈ ਜਾਣਕਾਰੀ ਹਾਸਲ ਨਹੀਂ ਹੋ ਸਕੀ ਤੇ ਮਸ਼ਕੂਕ ਬਾਰੇ ਵੀ ਪੁਲਿਸ ਵੱਲੋਂ ਕੋਈ ਜਾਣਕਾਰੀ ਜਾਰੀ ਨਹੀਂ ਕੀਤੀ ਗਈ।

# ਜਰਮਨੀ ਦੀ ਇਕ ਮੈਗਜ਼ੀਨ ਨੇ ਕਾਰਟੂਨ ਛਾਪ ਕੇ ਉਡਾਇਆ ਭਾਰਤ ਦਾ ਮਜ਼ਾਕ, ਰਾਜਦੂਤ ਨੇ ਕਿਹਾ- 'ਦਿੱਲੀ ਮੈਟਰੋ 'ਚ ਸਫਰ ਕਰੋ

ਬਰਲਿਨ, 27 ਅਪ੍ਰੈਲ (ਪੋਸਟ ਬਿਊਰੋ): ਕੁਝ ਦਿਨ ਪਹਿਲਾਂ ਭਾਰਤ ਚੀਨ ਨੂੰ ਪਛਾੜ ਕੇ ਦੁਨੀਆ ਦਾ ਸਭ ਤੋਂ ਵੱਧ ਆਬਾਦੀ ਵਾਲਾ ਦੇਸ਼ ਬਣ ਗਿਆ ਸੀ। ਪਰ ਹਾਲ ਹੀ ਵਿੱਚ ਇੱਕ ਜਰਮਨ ਮੈਗਜ਼ੀਨ ਨੇ ਭਾਰਤ ਦੀ ਆਬਾਦੀ ਨੂੰ ਨਿਸ਼ਾਨਾ ਬਣਾਉਂਦੇ ਹੋਏ ਇੱਕ ਕਾਰਟੂਨ ਪ੍ਰਕਾਸ਼ਿਤ ਕੀਤਾ ਸੀ, ਜਿਸ ਦਾ ਭਾਰਤ ਵਿੱਚ ਕਾਫੀ ਵਿਰੋਧ ਹੋਇਆ ਸੀ। ਇਸ ਕਾਰਟੂਨ ਨੂੰ ਨਸਲਵਾਦੀ ਕਿਹਾ ਗਿਆ। ਜਰਮਨ ਮੈਗਜ਼ੀਨ ਡੇਰ ਸਪੀਗਲ ਦੇ ਇਸ ਵਿਵਾਦਤ ਕਾਰਟੂਨ ਤੋਂ ਨਾਰਾਜ਼ ਭਾਰਤ ਵਿੱਚ ਜਰਮਨ ਰਾਜਦੂਤ ਫਿਲਿਪ ਐਕਰਮੈਨ ਨੇ ਇਤਰਾਜ਼ ਜਤਾਇਆ ਹੈ। ਉਸ ਨੇ ਕਾਰਟੂਨਿਸਟ ਨੂੰ ਸ਼ੀਸ਼ਾ ਦਿਖਾਇਆ ਅਤੇ ਦਿੱਲੀ ਆਉਣ ਦਾ ਸੱਦਾ ਵੀ ਦਿੱਤਾ। ਉਨ੍ਹਾਂ ਕਿਹਾ ਕਿ ਮੇਰੀ ਨਿੱਜੀ ਰਾਏ ਵਿੱਚ ਇਹ ਕਾਰਟੂਨ ਨਾ ਤਾਂ ਮਜ਼ਾਕੀਆ ਸੀ ਅਤੇ ਨਾ ਹੀ ਉਚਿਤ ਸੀ। ਮੈਂ ਇਸ ਕਾਰਟੂਨਿਸਟ ਨੂੰ ਦਿੱਲੀ ਵਿੱਚ ਮੇਰੇ ਨਾਲ ਮੈਟਰੋ ਦੀ ਸਵਾਰੀ 'ਤੇ ਆਉਣ ਲਈ ਸੱਦਾ ਦੇਣਾ ਚਾਹਾਂਗਾ। ਮੈਨੂੰ ਲੱਗਦਾ ਹੈ ਕਿ ਜਰਮਨੀ ਦੇ ਬਹੁਤ ਸਾਰੇ ਮੈਟਰੋ ਦਿੱਲੀ ਮੈਟਰੋ ਵਾਂਗ ਵਧੀਆ ਨਹੀਂ ਹਨ। ਜਰਮਨੀ ਦੀ ਰੇਲ ਪ੍ਰਣਾਲੀ ਵੀ ਇੱਥੋਂ ਦੇ ਮੁਕਾਬਲੇ ਬਹੁਤ ਵਧੀਆ ਨਹੀਂ ਹੈ। ਉਸ ਨੂੰ ਭਾਰਤ ਬਾਰੇ ਥੋੜ੍ਹਾ ਹੋਰ ਜਾਣਨਾ ਚਾਹੀਦਾ ਹੈ ਅਤੇ ਪਤਾ ਹੋਣਾ ਚਾਹੀਦਾ ਹੈ ਕਿ ਉਨ੍ਹਾਂ ਦਾ ਰੇਲਵੇ ਸਿਸਟਮ ਕਿੰਨਾ ਆਧੁਨਿਕ ਹੈ। ਦਰਅਸਲ ਚੀਨ ਦੀ ਆਬਾਦੀ 'ਚ ਪਛਾੜਨ ਦਾ ਮਜ਼ਾਕ ਉਡਾਉਂਦੇ ਹੋਏ ਮੈਗਜ਼ੀਨ ਨੇ ਇਕ ਕਾਰਟੂਨ ਪ੍ਰਕਾਸ਼ਿਤ ਕੀਤਾ ਸੀ, ਜਿਸ 'ਚ ਭਾਰਤ ਦੀ ਆਬਾਦੀ ਨੂੰ ਕਾਰਟੂਨਾਂ ਰਾਹੀਂ ਚੀਨ ਨੂੰ ਪਛਾੜਦੇ ਦਿਖਾਇਆ ਗਿਆ ਹੈ। ਇਸ ਕਾਰਟੂਨ ਵਿੱਚ ਦੋ ਟਰੇਨਾਂ ਨੂੰ ਦਿਖਾਇਆ ਗਿਆ ਹੈ। ਜਿਸ ਵਿੱਚ ਇੱਕ ਚੀਨ ਦੀ ਹਾਈ-ਟੈਕ ਬੁਲੇਟ ਟਰੇਨ ਹੈ, ਜਦੋਂ ਕਿ ਦੂਜੀ ਭਾਰਤ ਤੋਂ ਆਏ ਲੋਕਾਂ ਨਾਲ ਭਰੀ ਟਰੇਨ ਹੈ। ਇਸ ਟਰੇਨ ਦੀ ਛੱਤ 'ਤੇ ਬੈਠੇ ਇਕ ਵਿਅਕਤੀ ਨੇ ਵੀ ਤਿਰੰਗਾ ਫੜ੍ਹਿਆ ਹੋਇਆ ਹੈ।






# ਅੱਜ ਦੇਸ਼ ਦੀ ਹਾਲਤ ਚਿੰਤਾ ਵਾਲੀ, ਅਗਲੇ ਸਾਲ ਤੱਕ ਚਿੰਤਾ ਛੱਡ ਦੇਣ ਵਾਲੀ ਜਾਪਣ ਲੱਗੇਗੀ !



ਜਤਿੰਦਰ ਪਨੂੰ ਦੀ ਕਲਮ ਤੋਂ

ਇੱਕ 'ਰਾਜ' ਦੇ ਤੌਰ ਉੱਤੇ ਭਾਰਤ ਦੇਸ਼ ਦੀ ਹਾਲਤ ਚਿੰਤਾ ਵਾਲੀ ਹੈ। ਮੈਂ ਇਸ ਦੀ ਚਿੰਤਾ ਕਰਨੀ ਛੱਡ ਦੇਣ ਲਈ ਕਈ ਵਾਰ ਸੋਚਿਆ ਹੈ, ਪਰ ਛੱਡਣ ਦਾ ਫੈਸਲਾ ਹਾਲੇ ਤੱਕ ਨਹੀਂ ਕਰ ਸਕਿਆ, ਉਂਜ ਮੇਰਾ ਖਿਆਲ ਹੈ ਕਿ ਅਗਲੇ ਸਾਲ ਹੋਣ ਵਾਲੀਆਂ ਪਾਰਲੀਮੈਂਟ ਚੋਣਾਂ ਪਿੱਛੋਂ ਬਹੁਤ ਸਾਰੇ ਲੋਕ ਇਸ ਦੇਸ਼ ਦੀ ਇੱਕ 'ਰਾਜ' ਵਜੋਂ ਚਿੰਤਾ ਕਰਨੀ ਛੱਡਣ ਲਈ ਓਦਾਂ ਹੀ ਸੋਚਣ ਲੱਗਣਗੇ, ਜਿੱਦਾਂ ਅੱਜਕੱਲ੍ਹ ਮੈਨੂੰ ਸੋਚਣਾ ਪੈ ਰਿਹਾ ਹੈ। ਚਿੰਤਾ ਕੀਤੀ ਦਾ ਫਾਇਦਾ ਓਦੋਂ ਹੈ, ਜਦੋਂ ਸੁਧਾਰ ਹੋ ਸਕਣ ਦੀ ਕੁਝ ਗੁੰਜਾਇਸ਼ ਦਿੱਸਦੀ ਹੋਵੇ, ਪਰ ਜੇ 'ਮਰਜ਼ ਬੜਤਾ ਗਿਆ, ਜਿਉਂ ਜਿਉਂ ਦਵਾ ਕੀ' ਵਾਲੀ ਹਾਲਤ ਬਣੀ ਦਿੱਸਦੀ ਹੋਵੇ ਤਾਂ ਕੋਈ ਵੀ ਨਾਗਰਿਕ ਚਿੰਤਾ ਕਰਨ ਨੂੰ ਬੇਲੋੜਾ ਕਹਿ ਸਕਦਾ ਹੈ। ਭਾਰਤ ਦੇਸ਼ ਜਿੱਦਾਂ ਦੇ ਹਾਲਾਤ ਤੋਂ ਲੰਘ ਰਿਹਾ ਹੈ ਤੇ ਜਿਹੜੇ ਪਾਸੇ ਨੂੰ ਵਧ ਰਿਹਾ ਦਿੱਸ-ਦਾ ਹੈ, ਉਸ ਵਿੱਚ ਬਿਮਾਰੀ ਤਾਂ ਵਧਦੀ ਸਾਫ ਦਿੱਸਦੀ ਹੈ, ਇਲਾਜ ਦੇ ਨਾਂਅ ਉੱਤੇ ਸੁਧਾਰਕਰਨ ਦੀ ਥਾਂ ਵਿਗਾੜ ਪਾਉਣ ਦਾ ਕੰਮ ਕੀਤਾ ਜਾ ਰਿਹਾ ਨਜ਼ਰ ਪੈਂਦਾ ਹੈ। ਆਮ ਆਦਮੀ ਵੋਟਾਂ ਵੇਲੇ ਬੂਥ ਉੱਤੇ ਖੜਾ ਹੋਣ ਤੋਂ ਵੱਧ ਕਿਸੇ ਭੂਮਿਕਾ ਦੇ ਲਾਇਕ ਨਹੀਂ ਰਹਿਣ ਦਿੱਤਾ ਗਿਆ ਅਤੇ ਚੋਣ ਮੌਕੇ ਉਮੀਦਵਾਰ ਵਜੋਂ ਜਿਹੜੇ ਲੋਕ ਖੜੇ ਕੀਤੇ ਜਾਂਦੇ ਹਨ, ਉਨ੍ਹਾਂ ਵਿੱਚੋਂ ਬਹੁਤਿਆ ਵਾਸਤੇ ਜਿੱਤ ਦਾ ਅਰਥ ਸੱਤਾ ਦੇ ਸੁਖ ਮਾਣਨ ਤੱਕ ਸੀਮਤ ਹੈ।ਦੇਸ਼ ਦੀ ਹਾਲਤ ਵਿੱਚ ਵਿਗਾੜ ਅੱਜ ਪੈਣਾ ਸ਼ੁਰੂ ਨਹੀਂ ਹੋਇਆ, ਚਿਰੋਕਣਾ ਪੈਂਦਾ ਰਿਹਾ ਹੈ ਤੇ ਦੇਸ਼ ਦੀ ਕੋਈ ਰਾਜਸੀਥਿਰ ਵੀ ਇਹੋ ਜਿਹੀ ਨਹੀਂ ਰਹੀ, ਜਿਸ ਤੋਂ ਕਿਸੇ ਤਰ੍ਹਾਂ ਦੀ ਕੋਈ ਭਵਿੱਖ ਦੀ ਆਸ ਝਲਕਦੀ ਹੋਵੇ।

ਲੋਕਤੰਤਰੀ ਰਿਵਾਇਤਾਂ ਨੂੰ ਢਾਹ ਲੱਗਣ ਦਾ ਕੰਮ ਬੇਸ਼ੱਕ ਬਾਅਦ ਵਿੱਚ ਸ਼ੁਰੂ ਹੋਇਆ ਸੀ, ਅਸੂਲਾਂ ਨੂੰ ਛੱਡਣ ਤੇ ਧਰਮ (ਯਾਨੀ ਫਰਜ਼) ਤੋਂ ਧੜੇ ਨੂੰ ਮੁੱਖ ਰੱਖਣ ਵਾਲੇ ਲੱਠ-ਮਾਰ ਇਸ ਤੋਂ ਚੋਖਾ ਪਹਿਲਾਂ ਰਾਜਨੀਤੀ ਦੀ ਮੋਹਰੀ ਪਾਲਮੱਲ ਬੈਠੇ ਸਨ। ਉਸ ਪਿੱਛੋਂ ਵੀ ਚੋਖਾ ਚਿਰ ਚੁਣੇ ਹੋਏ ਅਦਾਰਿਆਂ ਅੰਦਰ ਕੁਝ ਕੁ ਭਰਮ-ਭਾਅ ਰੱਖਿਆ ਜਾਂਦਾ ਰਿਹਾ ਸੀ, ਪਰ ਇੰਦਰਾ ਗਾਂਧੀ ਦੇ ਵਕਤ ਇਸ ਨੂੰ ਵੀ ਢਾਹ ਲੱਗਣ ਲੱਗ ਪਈ ਸੀ। ਫਿਰਮੋਰਾਰਜੀ ਡਿਸਾਈ ਤੇ ਚੌਧਰੀ ਚਰਨ ਸਿੰਘ ਦੀ ਪ੍ਰਧਾਨ ਮੰਤਰੀ ਬਣਨ ਵਾਸਤੇ ਖਿੱਚੋਤਾਣ ਨੇ ਭਾਰਤ ਦੇ ਲੋਕਾਂ ਵੱਲੋਂ ਚੁਣੇ ਹੋਏ ਪਾਰਲੀਮੈਂਟ ਮੈਂਬਰ ਦਿੱਲੀ ਦੀ ਮੰਡੀ ਵਿੱਚ ਇਸ ਤਰ੍ਹਾਂ ਵਿਕਣ ਲਾ ਦਿੱਤੇ ਕਿ ਉਨ੍ਹਾਂ ਦੀ ਹਾਲਤ 'ਮੰਡੀ ਵਿੱਚ ਵਿਕਦੇ ਕੱਟਿਆਂ-ਵੱਛਿਆਂ' ਵਰਗੀ ਕਰ ਦਿੱਤੀ ਸੀ। ਇਸ ਪਿੱਛੋਂ ਨਰਸਿਮਹਾ ਰਾਓ ਦੇ ਰਾਜ ਦੌਰਾਨ ਭਰੋਸੇ ਦਾ ਵੋਟ ਲੈਣ ਲਈ ਜਦੋਂ ਝਾਰਖੰਡ ਮੁਕਤੀ ਮੋਰਚਾ ਦੇ ਚਾਰ ਮੈਂਬਰਾਂ ਨੂੰ ਇੱਕ-ਇੱਕ ਕਰੋੜ ਰੁਪਏ ਵਿੱਚ ਖਰੀਦਿਆ ਜਾਣਾ ਸਾਬਤ ਹੋਇਆ ਤਾਂ ਲੋਕਤੰਤਰ ਉਸ ਨੀਵਾਣ ਵੱਲ ਰਿੜ੍ਹਨ ਲੱਗ ਪਿਆ ਸੀ, ਜਿਸ ਤੋਂ ਕਦੀ ਵਾਪਸ ਨਹੀਂ ਮੁੜ ਸਕਿਆ। ਇੱਕ ਮੌਕੇ ਗਿਆਰਾਂਪਾਰਲੀਮੈਂਟ ਮੈਂਬਰਕਾਰਪੋਰੇਟ ਘਰਾਣਿਆਂ ਨਾਲ ਸੌਦੇ ਮਾਰ ਕੇ ਹਾਊਸ ਵਿੱਚ ਸਵਾਲ ਪੁੱਛਣ ਬਦਲੇ ਅਗੇਤੇ ਰਕਮਾਂ ਲੈਂਦੇ ਵੀ ਦੇਸ਼ ਦੇ ਲੋਕਾਂ ਨੇ ਆਪਣੀਆਂ ਅੱਖਾਂ ਨਾਲ ਟੀ ਵੀ ਸਕਰੀਨਾਂ ਉੱਤੇ ਵੇਖ ਲਏ ਸਨ। ਇਨ੍ਹਾਂ ਬੇਸ਼ਰਮਾਂ ਵਿੱਚੋਂ ਛੇ ਜਣੇ ਲੋਕ ਸਭਾ ਮੈਂਬਰ ਅਤੇ ਪੰਜ ਰਾਜ ਸਭਾ ਵਾਲੇ ਸਨ। ਲੋਕ ਸਭਾ ਦੇ ਛੇ ਦੋਸ਼ੀ ਮੈਂਬਰ ਤਾਂ ਸਰਬ ਸੰਮਤੀ ਨਾਲ ਮਤਾ ਪਾਸ ਕਰ ਕੇ ਕੱਢ ਦਿੱਤੇ ਗਏ, ਪਰ ਰਾਜ ਸਭਾ ਵਾਲੇ ਪੰਜਾਂ ਨੂੰ ਕੱਢਣ ਤੋਂ ਪਹਿਲਾਂ ਉਨ੍ਹਾਂ ਦੇ ਹੱਕ ਵਿੱਚ ਕਈ ਹੋਰ ਉੱਠ ਖੜੋਤੇ ਤੇ ਉਨ੍ਹਾਂ ਵਿਰੁੱਧ ਕੋਈ ਕਾਰਵਾਈ ਨਹੀਂ ਸੀ ਕੀਤੀ ਜਾ ਸਕੀ। ਫਿਰ ਪਾਰਲੀਮੈਂਟ ਦਾ ਇੱਕ ਮੈਂਬਰ ਕਿਸੇ ਬੇਗਾਨੀ ਔਰਤ ਅਤੇ ਬੇਗਾਨੇ ਬੱਚੇ ਨੂੰ ਆਪਣੇ ਪਰਵਾਰਕ ਜੀਅ ਬਣਾ ਕੇ ਕੈਨੇਡਾ ਛੱਡਣ ਜਾਂਦਾ ਦਿੱਲੀ ਏਅਰਪੋਰਟ ਉੱਤੇ ਫੜਿਆ ਗਿਆ ਸੀ ਅਤੇ ਉਸ ਨੂੰ ਵੀ ਇਸ ਕਾਰਨ ਦੇਸ਼ ਦੀ ਪਾਰਲੀਮੈਂਟ ਵਿੱਚ ਮਤਾ ਪਾਸ ਕਰ ਕੇ ਕੱਢਣਾ ਪਿਆ ਸੀ, ਪਰ ਸੁਧਾਰ ਤਾਂ ਇਸ ਨਾਲ ਵੀ ਕੋਈ ਨਹੀਂ ਸੀ ਹੋਇਆ।

ਸੁਧਾਰ ਕੋਈ ਹੋਵੇਗਾ ਵੀ ਕਿੱਦਾਂ, ਇਸ ਦੇਸ਼ ਵਿੱਚ ਬੰਦਾ ਆਪਣੇ ਗੁਨਾਹਾਂ ਨੂੰ ਧਰਮ ਦੀ ਪੁੱਠ ਚਾੜ੍ਹਨ ਦੇ ਸਮਰੱਥ ਹੋਣਾ ਚਾਹੀਦਾ ਹੈ, ਉਸ ਦੇ ਸਾਰੇ ਐਬ ਢੱਕੇ ਜਾਣ ਦਾ ਰਾਹ ਨਿਕਲ ਆਉਂਦਾ ਹੈ। ਇਸ ਮਹੀਨੇ ਗੁਜਰਾਤ ਦੀ ਅਦਾਲਤ ਨੇ ਰਾਹੁਲ ਗਾਂਧੀ ਕੇਸ ਵਿੱਚ ਜਿੱਦਾਂ ਦਾ ਫੈਸਲਾ ਦਿੱਤਾ ਹੈ, ਉਹ ਵੀ ਬਹੁਤ ਸਾਰੇ ਲੋਕਾਂ ਨੂੰ ਠੀਕ ਨਹੀਂ ਲੱਗਾ ਅਤੇ ਇਸ ਪਿੱਛੋਂ ਜਿੱਦਾਂ ਗੁਜਰਾਤ ਦੇ ਦੰਗਿਆਂ ਵੇਲੇ ਹੋਏ ਨਰੋਦਾ ਗਾਮ ਕਤਲ ਕਾਂਡ ਦੇ ਦੋਸ਼ੀਆਂ ਨੂੰ ਬਰੀ ਕਰਨ ਦਾ ਹੁਕਮ ਆਇਆ, ਉਸ ਤੋਂ ਵੀ ਬਹੁਤ ਸਾਰੇ ਲੋਕਾਂ ਨੂੰ ਬੁਰਾ ਲੱਗਾ ਸੀ, ਪਰ ਉਨ੍ਹਾਂ ਨੂੰ ਹੈਰਾਨ ਨਹੀਂ ਹੋਣਾ ਚਾਹੀਦਾ। ਜਿਸ ਮੁਲਕ ਵਿੱਚ ਰਹਿਣਾ ਹੈ, ਜੇ ਉਸ ਦੀ ਸਰਕਾਰ ਪੱਕੀ ਬਹੁ-ਸੰਮਤੀ ਦੀ ਨੀਂਹ ਉੱਤੇ ਖੜੀ ਹੋਵੇ ਤਾਂ ਦੇਸ਼ ਦੀ ਸੁਪਰੀਮ ਕੋਰਟ ਭਾਵੇਂ ਕੁਝ ਮਾਮਲਿਆਂ ਵਿੱਚ ਨਿਆਂ ਦੀ ਪਹਿਰੇਦਾਰੀ ਕਰ ਸਕਦੀ ਹੈ, ਬਾਕੀ ਗੱਲਾਂ ਵਿੱਚ ਸੱਤਾ ਦਾ ਪ੍ਰਛਾਵਾਂ ਪੈਣ ਬਾਰੇ ਲੋਕਾਂ ਨੂੰ ਅਗੇਤੇ ਅੰਦਾਜ਼ੇ ਹੋਣ ਲੱਗ ਜਾਂਦੇ ਹਨ। ਬਾਅਦ ਵਿੱਚ ਬਹੁਤੀ ਵਾਰ ਉਹ ਅਗੇਤੇ ਅਨੁਮਾਨ ਹੀ ਸੱਚ ਨਿਕਲਦੇ ਹਨ।

ਹੈਰਾਨੀ ਤਾਂ ਭਾਰਤ ਦੇ ਲੋਕਾਂ ਨੂੰ ਓਦੋਂ ਵੀ ਨਹੀਂ ਹੁੰਦੀ, ਜਦੋਂ ਉਨ੍ਹਾਂ ਦੇ ਆਗੂ ਦੂਸਰਿਆਂ ਨੂੰ ਜਿਹੜੇ ਉਪਦੇਸ਼ ਦੇਂਦੇ ਹਨ, ਉਨ੍ਹਾਂ ਗੱਲਾਂ ਦੀ ਉਲੰਘਣਾ ਕਰਨ ਵਿੱਚ ਉਨ੍ਹਾਂ ਨੂੰ ਖੁਦ ਜਾਂ ਉਨ੍ਹਾਂ ਨਾਲ ਜੁੜੇ ਲੋਕਾਂ ਨੂੰ ਝਿਜਕਣ ਦੀ ਲੋੜਮਹਿਸੂਸ ਨਹੀਂ ਹੁੰਦੀ। ਉਹ ਆਮ ਲੋਕਾਂ ਅਤੇ ਸਰਕਾਰ ਦੇ ਫੈਸਲੇ ਲੋਕਾਂ ਤੱਕ ਪੁਚਾਉਣ ਵਾਲੀ ਅਫਸਰਸ਼ਾਹੀ ਨੂੰ ਉਪਦੇਸ਼ ਵੰਡਦੇ ਹਨ ਕਿ ਸਾਰਾ ਪ੍ਰਬੰਧ ਪਾਰਦਰਸ਼ੀ ਹੋਣਾ ਚਾਹੀਦਾ ਹੈ, ਲੋਕਾਂ ਦੀ ਮਿਹਨਤ ਦੀ ਕਮਾਈ ਵਿੱਚੋਂ ਆਇਆ ਟੈਕਸਾਂ ਦਾ ਪੈਸਾ ਕਿਸੇ ਵਿਅਕਤੀ ਜਾਂ ਉਸ ਦੀ ਪਾਰਟੀ ਦੇ ਹਿੱਤਾਂ ਲਈ ਕਦੇ ਨਹੀਂ ਵਰਤਣਾ ਚਾਹੀਦਾ, ਪਰ ਅਮਲ ਵਿੱਚ ਏਹੋ ਕੰਮ ਸਭ ਤੋਂ ਪਹਿਲਾਂ ਉਪਦੇਸ਼ ਦੇਣ ਵਾਲਿਆਂ ਦੀ ਸਰਪ੍ਰਸਤੀ ਹੇਠਲੀ ਟੀਮ ਖੁਦ ਕਰਦੀ ਹੈ। ਦੇਸ਼ ਦੇ ਲੋਕਤੰਤਰ ਦੇ ਜਿਹੜੇ ਕੁਝ ਹਿੱਸੇ ਹਾਲੇ ਤੱਕ ਗਿਰਾਵਟ ਦੀ ਮਾਰ ਹੇਠ ਨਹੀਂ ਆਏ, ਆਸ ਸੀ ਕਿ ਸੱਤਾ ਦੀ ਸਿਖਰ ਵਾਲੇ ਲੋਕ ਪ੍ਰਤੀਨਿਧ ਇਨ੍ਹਾਂ ਹਿੱਸਿਆਂ ਦਾ ਵਿਗਾੜ ਰੋਕਣ ਲਈ ਪਹਿਰੇਦਾਰ ਬਣ ਸਕਦੇ ਹਨ, ਪਰ ਜੇ ਉਹੀ ਇਨ੍ਹਾਂ ਨੂੰ ਪ੍ਰਭਾਵਤ ਕਰਨ ਦੇ ਰਾਹ ਪੈ ਜਾਣ ਤਾਂ ਬਚਾਅ ਦੀ ਆਸ ਨਹੀਂ ਰਹਿੰਦੀ। ਦੇਸ਼ ਦੀ ਹਰ ਸ਼ਾਖ ਉੱਤੇ ਜਦੋਂ ਸੱਤਾ ਦੀ ਸੁਰ ਅਲਾਪਣ ਵਾਲੇ ਭਾਰੂ ਹੋਣ ਲੱਗ ਪਏ ਅਤੇ ਹੇਠਲੇ ਪੱਧਰ ਦੀ ਨਿਆਂ ਪਾਲਿਕਾ ਵੀ ਇਸ ਦੀ ਲਾਗ ਹੇਠ ਆ ਗਈ ਤਾਂ ਸੁਪਰੀਮ ਕੋਰਟ ਅਜੇ ਕਾਫੀ ਹੱਦ ਤੱਕ ਇਸ ਪ੍ਰਭਾਵ ਤੋਂ ਬਚੀ ਜਾਪਦੀ ਸੀ। ਪਿਛਲੇ ਕੁਝ ਸਮੇਂ ਤੋਂ ਦੇਸ਼ ਦਾ ਕਾਨੂੰਨ ਮੰਤਰੀ ਇਸ ਸਿਖਰਲੀ ਅਦਾਲਤ ਦੇ ਖਿਲਾਫ ਵੀ ਜਿਹੋ ਜਿਹੀ ਸ਼ਬਦਾਵਲੀ ਦੀ ਵਰਤੋਂ ਕਰਦਾ ਲੋਕਾਂ ਨੇ ਵੇਖਿਆ ਸੀ, ਉਸ ਨੂੰ ਹੱਦਾਂ ਵਿੱਚ ਰਹਿਣ ਨੂੰ ਕਹਿਣ ਦੀ ਬਜਾਏ ਦੇਸ਼ ਦਾ ਉੱਪ ਰਾਸ਼ਟਰਪਤੀ ਅਤੇ ਕੁਝ ਹੋਰ ਲੋਕ ਵੀ ਉਹੋ ਜਿਹੀ ਸ਼ਬਦਾਵਲੀ ਵਰਤਣ ਲੱਗੇ ਹਨ ਤਾਂ ਇਸ ਖੇਤਰ ਵਿੱਚ ਵੀ ਨਿਆਂ ਦੀ ਆਜ਼ਾਦ ਪਹਿਰੇਦਾਰੀ ਦੀ ਆਸ ਧੁੰਦਲੀ ਜਿਹੀ ਹੋਣ ਲੱਗ ਪਈ ਹੈ। ਲੋਕਤੰਤਰ ਫਿਰ ਵੀ 'ਚੱਲੀ ਜਾਂਦਾ' ਹੈ।

ਜਦੋਂ ਏਨਾ ਕੁਝ ਹੋਣ ਪਿੱਛੋਂ ਵੀ ਲੋਕਤੰਤਰ 'ਚੱਲੀ ਜਾਂਦਾ' ਦਿੱਸਦਾ ਹੈ, ਇਸ ਦਾ ਭਵਿੱਖ ਕਿਸ ਤਰ੍ਹਾਂ ਦਾ ਹੋਵ-ੇਗਾ, ਇਸ ਦਾ ਅੰਦਾਜ਼ਾ ਲਾਇਆ ਜਾ ਸਕਦਾ ਹੈ। ਜਿਸ ਵੱਡੇ ਭ੍ਰਿਸ਼ਟਾਚਾਰੀ ਨੂੰ ਅੱਜ ਭੰਡਿਆ ਜਾਂਦਾ ਹੈ, ਭਲਕੇ ਉਹਸੱਤਾ ਦੇ ਸਿਖਰ ਦੀ ਖਿਦਮਤਗਾਰੀ ਕਰਨ ਨੂੰ ਤਿਆਰ ਹੋ ਜਾਵੇ ਤਾਂ ਉਸ ਵੱਲ ਉਂਗਲ ਵੀ ਚੁੱਕਣੀ ਗਲਤ ਕਹੀ ਜਾਂਦੀ ਹੈ ਅਤੇ ਉਹ ਉਲਟਾ ਬਚੇ-ਖੁਚੇ ਈਮਾਨਦਾਰਾਂ ਨੂੰ 'ਈਮਾਨ' ਦਾ ਸਬਕ ਪੜ੍ਹਾਉਣ ਲੱਗ ਜਾਂਦਾ ਹੈ। ਇਸ ਵੇਲੇ ਦੇ ਅੱਧੇ ਦੇ ਕਰੀਬ ਰਾਜਾਂ ਦੇ ਮੁੱਖ ਮੰਤਰੀ ਈਮਾਨਦਾਰੀ ਦੀ ਏਸੇ ਵਰਾਇਟੀ ਵਾਲੇ ਹਨ ਤੇ ਉਨ੍ਹਾਂ ਦੀ ਵੇਖੋ-ਵੇਖੀ ਬਹੁਤ ਸਾਰੇ ਹੋਰ ਵੀ ਓਸੇ ਵਹਿਣ ਵਿੱਚ ਵਗਦੇ ਤੇ 'ਭਵਿੱਖ ਦੇ ਵਿਸ਼ਵ ਗੁਰੂ' ਭਾਰਤ ਦੀ ਮਾਲਾ ਫੇਰਨ ਲਈ ਤਿਆਰ ਹੁੰਦੇ ਸੁਣੇ ਜਾਂਦੇ ਹਨ। ਕਨਸੋਆਂ ਮਿਲ ਰਹੀਆਂ ਹਨ ਕਿ ਅਜੇ ਤੱਕ ਸਿਖਰਲੀ ਸੱਤਾ ਨਾਲ ਆਢਾ ਲੈਣ ਵਾਲੇ ਏਨੇ ਕੁ ਸੱਜਣ ਅਗਲੇ ਸਾਲ ਪਾਰਲੀਮੈਂਟ ਚੋਣਾਂ ਤੋਂ ਪਹਿਲਾਂ ਸੱਤਾ ਨਾਲ ਜਾ ਜੁੜਨਗੇ, ਜਾਂ ਜੁੜਨ ਲਈ ਮਜਬੂਰ ਕਰ ਦਿੱਤੇ ਜਾਣਗੇ ਕਿ ਉਨ੍ਹਾਂ ਚੋਣਾਂ ਪਿੱਛੋਂ ਦੇਸ਼ ਦੀ ਸਿਖਰਲੀ ਸੱਤਾ ਦਾ ਵਿਰੋਧ ਕਰਨ ਵਾਲੇ ਗਿਣੇ-ਚੁਣੇ ਰਹਿ ਜਾਣਗੇ ਤੇ ਓਦੋਂ ਨਗਾਰਖਾਨੇ ਵਿੱਚ ਤੂਤੀ ਦੀ ਆਵਾਜ਼ ਵੀ ਸੁਣਾਈ ਨਹੀਂ ਦੇਵੇਗੀ। ਉਹ ਹਾਲਤ ਚਿੰਤਾ ਕਰਨ ਦੀ ਥਾਂ ਚਿੰਤਾ ਛੱਡ ਦੇਣ ਵਾਲੀ ਬਣ ਜਾਵਗੀ।ਅੱਜ ਜਿੰਨੀਆਂਆਵਾਜ਼ਾਂ ਉੱਠ ਰਹੀਆਂ ਹਨ, ਪਰ ਉਨ੍ਹਾਂ ਵੱਲੋਂ ਕਹੀ ਹਰ ਗੱਲ ਨਜ਼ਰ ਅੰਦਾਜ਼ ਹੁੰਦੀ ਹੈ, ਅਗਲੇ ਸਾਲ ਨਜ਼ਰ ਅੰਦਾਜ਼ ਕਰਨ ਦੀ ਥਾਂ ਉਨ੍ਹਾਂ ਨੂੰ ਬੇ-ਆਵਾਜ਼ ਕਰਨ ਦਾ ਕੰਮ ਵੀ ਸ਼ੁਰੂ ਹੋ ਸਕਦਾ ਹੈ। ਜਿਨ੍ਹਾਂ ਲੋਕਾਂ ਨੂੰ ਇੱਕ 'ਰਾਜ' ਵਜੋਂ ਅੱਜ ਭਾਰਤ ਦੀ ਕੋਈ ਚਿੰਤਾ ਜਿਹੀ ਨਹੀਂ ਜਾਪਦੀ, ਜਦੋਂ ਉਨ੍ਹਾਂ ਨੂੰ ਚਿੰਤਾ ਕਰਨ ਦੀ ਲੋੜ ਮਹਿਸੂਸ ਹੋਵੇਗੀ, ਓਦੋਂ ਨੂੰ ਚਿੰਤਾ ਕਰਨ ਦਾ ਕੋਈ ਅਰਥ ਹੀ ਨਹੀਂ ਰਹਿ ਜਾਵੇਗਾ, ਪਾਣੀ ਸਿਰਾਂ ਉੱਤੋਂ ਲੰਘ ਚੁੱਕਾ ਹੋਵੇਗਾ। ਕੀ ਅਸੀਂ ਉਸ ਵਕਤ ਨੂੰ ਉਡੀਕ ਰਹੇ ਹਾਂ!

# ਜਦੋਂ ਮੈਂ ਬਲਵੰਤ ਗਾਰਗੀ ਦੇ 'ਡਰਾਮੇ' ਤੋਂ ਬਚਿਆ!

-ਪ੍ਰਿੰ. ਸਰਵਣ ਸਿੰਘ-

20ਵੀਂ ਬਰਸੀ 'ਤੇ ਬਲਵੰਤ ਗਾਰਗੀ ਮੈਨੂੰ ਫਿਰ ਯਾਦ ਆ ਗਿਐ। ਨਾਲ ਹੀ ਯਾਦ ਆ ਗਿਆ ਮੇਰੇ ਨਾਲ ਖੇਡਿਆ ਮਜ਼ਾਕੀਆ ਡਰਾਮਾ। ਉਹ ਖ਼ਸਤਾ ਕਰਾਰੀ ਤੇ ਵੇਗਮੱਤੀ ਕਾਮਕ ਲੇਖਣੀ ਦਾ ਦਿਲਚਸਪ ਲੇਖਕ ਸੀ। ਉਸ ਨੇ ਆਪਣੇ ਬਾਰੇ ਲਿਖਿਆ, "ਮੈਂ ਗਾਰਗੀ ਨੂੰ ਬਹੁਤ ਨੇੜਿਓਂ ਜਾਣਦਾ ਹਾਂ।

ਉਸ ਦੀਆਂ ਲਿਖਤਾਂ, ਉਸ ਦੇ ਝੂਠੇ ਵਾਇਦਿਆਂ ਤੇ ਉਸ ਦੀਆਂ ਕਮਜ਼ੋਰੀਆਂ ਨੂੰ ਖੁਰਦਬੀਨ ਨਾਲ ਤੱਕਿਆ ਹੈ। ਉਹ ਬਹੁਤ ਸਾਰੇ ਭੁਲੇਖਿਆਂ ਦਾ ਮਰਕਜ਼ ਹੈ। ਉਸ ਦੇ ਨਾਂ ਨੂੰ ਹੀ ਲਓ, ਗਾਰਗੀ! ਕਿਤਨਾ ਬੋਗਸ ਨਾਂ ਹੈ! ਕਿਸੇ ਕੁੜੀ ਦੀ ਨਕਲ ਜਾਪਦਾ ਹੈ... ਸਾਹਿਤ ਵੱਲ ਤਾਂ ਉਹ ਐਵੇਂ ਹੀ ਆ ਗਿਆ, ਜਿਵੇਂ ਕੋਈ ਆਦਮੀ ਦੂਜੇ ਥਾਂ ਵਿਆਹਿਆ ਜਾਵੇ।" ਉਹਦਾ ਹਲਫੀਆ ਬਿਆਨ ਸੀ, "ਸੰਗੀਤ ਨੂੰ ਮੈਂ ਸਭ ਤੋਂ ਵਧੇਰੇ ਪਿਆਰ ਕੀਤਾ ਹੈ। ਸੰਗੀਤ ਮੇਰਾ ਮਹਿਬੂਬ ਸੀ, ਸਾਹਿਤ ਮੇਰੀ ਰਖੇਲ ਹੈ।" ਗਾਰਗੀ ਵਧੀਆ ਨਾਟਕਕਾਰ ਹੋਣ ਨਾਲ ਪੂਰਾ ਡਰਾਮੇਬਾਜ਼ ਵੀ ਸੀ। ਛੇਤੀ ਕੀਤਿਆਂ ਪਤਾ ਨਹੀਂ ਸੀ ਲੱਗਣ ਦਿੰਦਾ, ਨਾਟਕ ਕਰ ਰਿਹੈ ਜਾਂ ਡਰਾਮਾ? 1966 ਵਿਚ ਜਦੋਂ ਮੈਂ ਦਿੱਲੀ ਲੈਕਚਰਾਰ ਸਾਂ ਤਾਂ ਉਸ ਨੇ ਮੈਨੂੰ ਆਪਣੀ ਅਮਰੀਕਨ ਸਾਲੀ ਦਾ ਰਿਸ਼ਤਾ ਕਰਾਉਣ ਦੀ ਸੁਲ੍ਹਾ ਮਾਰੀ ਸੀ। ਇਕ ਦਿਨ ਮੈਂ ਗਾਰਗੀ ਨੂੰ ਮਿਲਣ ਗਿਆ ਤਾਂ ਉਹਦੀ ਨਵਵਿਆਹੀ ਪਤਨੀ ਜੀਨੀ ਉਦਾਸ ਦਿਸੀ। ਗਾਰਗੀ ਨੇ ਦੱਸਿਆ ਇਹ ਪੇਕਿਆਂ ਨੂੰ ਓਦਰੀ ਐ। ਫਿਰ ਪਤਾ ਨਹੀਂ ਸੱਚੀਂ, ਪਤਾ ਨਹੀਂ ਝੂਠੀਂ, ਉਹ ਕਹਿਣ ਲੱਗਾ, "ਆਖੇਂ ਤਾਂ ਤੈਨੂੰ ਸਾਲੀ ਦਾ ਸਾਕ ਲਿਆ ਦਿੰਨਾਂ। ਇਹ ਦੋ ਭੈਣਾਂ ਨੇ, ਭਰਾ ਕੋਈ ਨਹੀਂ। ਸਾਲੀ ਦਾ ਨਾਂ ਐਂ ਐਲਿਜ਼ਾਬੈੱਥ। ਇਹਨਾਂ ਦੀ ਮਾਂ ਆਰਟਿਸਟ ਐ ਤੇ ਪਿਉ ਬੈਂਕ ਮੈਨੇਜਰ। ਤੂੰ ਹਾਂ ਕਰ। ਏਥੇ ਦੋਹਾਂ ਭੈਣਾਂ ਦਾ ਜੀਅ ਲੱਗਿਆ ਰਹੂ।"

ਜੀਨੀ ਦਾ ਜੀਅ ਲੁਆਉਣ ਲਈ ਉਹਦੀ ਭੈਣ ਦੇ ਸਾਕ ਦਾ ਸ਼ੋਸ਼ਾ ਮੈਨੂੰ ਮਜ਼ਾਕ ਲੱਗਾ। ਮੈਂ ਸਮਝ ਗਿਆ ਗਾਰਗੀ ਹੋਰਨਾਂ ਵਾਂਗ ਮੇਰਾ ਵੀ ਡਰਾਮਾ ਬਣਾ ਰਿਹੈ! ਮੈਂ ਉਹਦਾ ਸਾਂਢੂ ਬਣਨੋਂ ਤਾਂ ਬਚ ਗਿਆ ਪਰ ਉਹਦੀ ਖ਼ਸਤਾ ਕਰਾਰੀ ਵਾਰਤਕ ਸ਼ੈਲੀ ਤੋਂ ਨਾ ਬਚ ਸਕਿਆ। ਉਹ ਮੈਨੂੰ ਪੱਟ ਗਈ। 'ਨਿੰਮ ਦੇ ਪੱਤੇ' ਤੇ 'ਸੁਰਮੇ ਵਾਲੀ ਅੱਖ' ਤੋਂ ਲੈ ਕੇ ਫਿਰ ਉਹਦੀ ਜਿਹੜੀ ਵੀ ਕਿਤਾਬ ਛਪੀ ਪੜ੍ਹਨੀ ਪਈ।

ਗਾਰਗੀ ਦਾ ਪੈਦਾਇਸ਼ੀ ਨਾਂ ਬਲਵੰਤ ਰਾਏ ਗਰਗ ਸੀ ਤੇ ਉਹਦੀ ਪਤਨੀ ਦਾ ਨਾਂ ਜੀਨੀ ਅਲੈਗਜ਼ੈਂਡਰ ਹੈਨਰੀ ਸੀ। ਬਲਵੰਤ ਦਾ ਜਨਮ 4 ਦਸੰਬਰ 1916 ਨੂੰ ਬਠਿੰਡੇ ਦੇ ਬਾਣੀਏ ਪਰਿਵਾਰ ਵਿਚ ਪਿੰਡ ਸ਼ਹਿਣੇ ਦੀ ਨਹਿਰੀ ਕੋਠੀ 'ਚ ਹੋਇਆ ਸੀ। ਜੀਨੀ ਉਸ ਤੋਂ 21 ਸਾਲ ਬਾਅਦ ਸਿਆਟਲ ਦੇ ਨੌਕਰੀ ਪੇਸ਼ਾ ਮਾਪਿਆਂ ਦੇ ਘਰ ਜੰਮੀ ਸੀ। ਜਿਵੇਂ ਇੰਦਰ ਬਾਣੀਏ ਤੇ ਬੇਗੋ ਨਾਰ ਦਾ ਮੇਲ ਲਾਹੌਰ ਵਿਚ ਹੋਇਆ ਉਵੇਂ ਬਲਵੰਤ ਬਾਣੀਏ ਤੇ ਜੀਨੀ ਨਾਰ ਦਾ ਮੇਲ ਸਿਆਟਲ ਵਿਚ ਹੋਇਆ। ਇੰਦਰ ਤੇ ਬੇਗੋ ਇਸ਼ਕ ਦੇ ਪੱਟੇ ਰਾਵੀ ਵਿਚ ਛਾਲਾਂ ਮਾਰ ਗਏ ਤੇ ਆਸ਼ਕਾਂ ਮਸ਼ੂਕਾਂ 'ਚ ਨਾਂ ਲਿਖਾ ਕੇ ਅਮਰ ਹੋ ਗਏ।

ਕਿੱਸਾਕਾਰਾਂ ਨੇ ਬੇਗੋ ਨਾਰ ਤੇ ਇੰਦਰ ਬਾਣੀਏ ਦੇ ਕਿੱਸੇ ਲਿਖੇ। ਬਲਵੰਤ ਤੇ ਜੀਨੀ ਇਸ਼ਕ 'ਚ ਪੱਟੇ ਤਾਂ ਗਏ ਪਰ ਅਮਰ ਨਾ ਹੋ ਸਕੇ। ਜੀਨੀ ਨਾਰ ਤੇ ਬਲਵੰਤ ਬਾਣੀਏ ਦਾ ਕਿੱਸਾ 'ਨੰਗੀ ਧੁੱਪ' ਗਾਰਗੀ ਨੂੰ ਆਪ ਲਿਖਣਾ ਪਿਆ। ਉਸ ਨੇ ਲਿਖਿਆ, ਜਦੋਂ ਮੈਂ ਜੀਨੀ ਨੂੰ ਸਿਆਟਲ ਵਿਚ ਮਿਲਿਆ, ਉਸ ਵੇਲੇ ਮੇਰੇ ਤਿੰਨ ਇਸ਼ਕ ਚੱਲ ਰਹੇ ਸਨ। ਤਿੰਨੇ ਕੁੜੀਆਂ ਪਿਆਰ ਵਿਚ ਡੁੱਬੀਆਂ ਹੋਈਆਂ ਸਨ। ਤਿੰਨੇ ਵਫ਼ਾਦਾਰ, ਤਿੰਨੇ ਵੇਗ-ਮੱਤੀਆਂ, ਤਿੰਨੇ ਕੌਲ-ਕਰਾਰ ਦੀਆਂ ਪੂਰੀਆਂ। ਮੈਂ ਪਰੇਸ਼ਾਨ ਸਾਂ ਕਿ ਕਿਸ ਨਾਲ ਵਿਆਹ ਕਰਾਂ? ਕਿਸ ਨੂੰ ਲਾਰਾ ਲਾਵਾਂ? ਕਿਸ ਨੂੰ ਧੋਖਾ ਦੇਵਾਂ?

ਗਾਰਗੀ ਨੇ 'ਨੰਗੀ ਧੁੱਪ' ਦੇ ਮੁੱਖ ਬੰਦ ਵਿਚ ਲਿਖਿਆ, "ਆਪਣੇ ਬਾਰੇ ਇਹ ਲਿਖਣਾ ਕਿ ਮੈਂ ਕਿੰਨਾ ਚੰਗਾ ਹਾਂ, ਚੰਗੀ ਕਲਾ ਦਾ ਸੂਚਕ ਨਹੀਂ... ਮੈਂ ਆਪਣੇ ਆਪ ਬਾਰੇ ਲਿਖ ਰਿਹਾ ਹਾਂ-ਮਨ ਦੀਆਂ ਤਪਦੀਆਂ ਛਾਵਾਂ, ਸੁਚੇਤ ਤੇ ਅਚੇਤ ਦੀ ਟੱਕਰ, ਦੋਸਤਾਂ ਤੇ ਮਹਿਬੂਬ ਤੀਵੀਆਂ ਦੇ ਜਜ਼ਬੇ ਸਿੰਮੇ ਚਿਤਰ, ਪਿਆਰ ਤੜਪਾਂ ਤੇ ਨਫ਼ਰਤ ਦੀਆਂ ਚਿਣਗਾਂ... ਨੰਗੀ ਧੁੱਪ ਮੇਰੇ ਆਪਣੇ ਜੀਵਨ ਉਤੇ ਆਧਾਰਿਤ ਹੈ। ਜਦੋਂ ਕੋਈ ਲੇਖਕ ਆਪਣੇ ਇੱਮੇਜ ਨੂੰ ਲਿਸ਼ਕਾਉਣ ਦਾ ਫਿਕਰ ਕਰਨ ਲੱਗ ਪਵੇ ਤਾਂ ਉਹ ਉਸੇ ਥਾਂ ਖੜ੍ਹਾ ਰਹਿ ਜਾਂਦਾ ਹੈ... ਮੇਰਾ ਕੋਈ ਇੱਮੇਜ ਨਹੀਂ। ਜੋ ਹੈ ਮੈਂ ਉਸ ਨੂੰ ਹਮੇਸ਼ਾ ਤੋੜਦਾ ਰਿਹਾ ਹਾਂ ਤੇ ਇਸ ਤਰ੍ਹਾਂ ਨਵਾਂ ਇੱਮੇਜ ਬਣਦਾ ਰਿਹਾ ਹੈ... ਮੇਰੇ ਪਾਤਰ ਨੰਗੇ ਹਨ, ਆਦਮ ਤੇ ਹਵਾ ਵਾਂਗ। ਇਹੋ ਉਨ੍ਹਾਂ ਦੀ ਖ਼ੂਬਸੂਰਤੀ ਹੈ ਤੇ ਇਹੋ ਉਨ੍ਹਾਂ ਦਾ ਦੋਸ਼। ਮੈਂ ਜਿਸ ਤੀਵੀਂ ਨੂੰ ਪਿਆਰ ਕੀਤਾ ਉਸ ਦੇ ਹੁਸਨ ਨੂੰ ਤੇ ਨੰਗੇਜ ਨੂੰ ਚਿਤਰਿਆ ਹੈ... ਸੱਚ ਖ਼ੁਦ ਨੰਗਾ ਹੈ। ਮੈਂ ਨੰਗੇ ਸੱਚ ਦਾ ਪੁਜਾਰੀ ਹਾਂ। ਨੰਗੀ ਮੂਰਤੀ ਨੂੰ ਮੱਥਾ ਟੇਕਦਾ ਹਾਂ। ਮਨੁੱਖ ਖ਼ੁਦ ਵੀ ਇਕੱਲਾ ਤੇ ਨੰਗਾ ਹੈ। ਆਪਣੇ ਸਰੀਰ ਦੀ ਚਮੜੀ ਨਾਲੋਂ ਕੋਈ ਹੋਰ ਚੀਜ਼ ਵਧੇਰੇ ਨਿੱਘ ਨਹੀਂ ਦੇਂਦੀ। ਮੈਂ ਪਾਤਰਾਂ ਦੇ ਅਸਲੀ ਨਾਂ, ਅਸਲੀ ਥਾਵਾਂ, ਅਸਲੀ ਸ਼ਹਿਰ ਤੇ ਅਸਲੀ ਘਟਨਾਵਾਂ ਵਰਤੀਆਂ ਹਨ, ਪਰ ਕਿਤੇ ਕਿਤੇ ਕਾਲਪਨਿਕ ਨਾਂ ਤੇ ਬਦਲੇ ਹੋਏ ਚਿਹਰੇ ਵੀ ਹਨ। ਮੇਰਾ ਮਨੋਰਥ ਤੁਹਾਨੂੰ ਸਿਰਫ਼ ਤੱਥ ਦੱਸਣਾ ਨਹੀਂ ਸਗੋਂ ਸੱਚ ਦੱਸਣਾ ਹੈ... ਡੂੰਘੀਆਂ ਤੇ ਲੁਕੀਆਂ ਹਕੀਕਤਾਂ, ਵਾਸ਼ਨਾ ਦਾ ਟੂਣਾ, ਲਹੂ ਵਿਚ ਮੱਚਦੀਆਂ ਖ਼ਾਹਿਸ਼ਾਂ ਤੇ ਰਚਨਾ ਦੇ ਆਪ-ਹੁਦਰੇ ਅਮਲ।"

ਮੇਰੀ ਜਾਚੇ ਚੁੰਮਣ ਤੇ ਆਲਿੰਗਣ ਅਤੇ ਪ੍ਰਕਿਰਤੀ ਦੇ ਰੰਗ ਗਾਰਗੀ ਦੀ ਲਿਖਣ ਸ਼ੈਲੀ ਦੇ ਸ਼ਿੰਗਾਰ ਹਨ। ਪਹਿਲੀਆਂ ਲਿਖਤਾਂ 'ਚ ਘੱਟ ਸਨ, ਮਗਰਲੀਆਂ 'ਚ ਵੱਧ। ਪਹਿਲੀਆਂ ਲਿਖਤਾਂ ਉਤੇ ਪੇਂਡੂ ਪ੍ਰਭਾਵ ਵੱਧ ਸੀ ਜਦ ਕਿ ਪਿਛਲੀਆਂ ਉਤੇ ਪੱਛਮੀ ਤੇ ਸ਼ਹਿਰੀ ਪ੍ਰਭਾਵ ਵਧਦਾ ਗਿਆ। 1944 ਵਿਚ ਲਿਖਿਆ ਪਹਿਲਾ ਨਾਵਲ 'ਕੱਕਾ ਰੇਤਾ' ਉਸ ਨੇ ਇਨ੍ਹਾਂ ਸ਼ਬਦਾਂ ਨਾਲ ਆਪਣੀ ਮਾਂ ਨੂੰ ਭੇਟ ਕੀਤਾ ਸੀ, "ਮੇਰੀ ਮਾਂ ਨੂੰ, ਜਿਸ ਦੀਆਂ ਗਾਲ੍ਹਾਂ ਵੀ ਘਿਓ ਦੀਆਂ ਨਾਲਾਂ ਸਨ।"

ਆਪਣੇ ਨਾਟਕਾਂ ਦੀ ਭੂਮਿਕਾ ਬੰਨ੍ਹਦਿਆਂ ਉਸ ਨੇ ਲਿਖਿਆ, "1944 ਵਿਚ ਇਕ ਕੁੜੀ ਨੇ ਮੈਨੂੰ ਆਖਿਆ: ਤੂੰ ਮੈਨੂੰ ਪਿਆਰ ਕਰਦਾ ਹੈਂ, ਪਰ ਇਸ ਦਾ ਕੋਈ ਫ਼ਾਇਦਾ ਨਹੀਂ। ਮੈਥੋਂ ਤੈਨੂੰ ਕੁਝ ਨਹੀਂ ਮਿਲਣਾ। ਮੈਂ ਉਸ ਨੂੰ ਆਖਿਆ: ਪਿਆਰ ਵਿਚ ਕੋਈ ਇਵਜ਼ਾਨਾ ਜਾਂ ਇਨਾਮ ਨਹੀਂ ਹੁੰਦਾ। ਜਦੋਂ ਕੋਈ ਬਰਫ਼ ਦੇ ਪਹਾੜ ਦੀ ਟੀਸੀ ਉਤੇ ਪੁੱਜਣ ਦਾ ਜਤਨ ਕਰਦਾ ਹੈ ਤਾਂ ਉਥੇ ਕੁਝ ਨਹੀਂ ਹੁੰਦਾ। ਅਕਸਰ ਆਦਮੀ ਆਪਣੀ ਜਾਨ ਵੀ ਗੁਆ ਦੇਂਦਾ ਹੈ। ਪਰ ਇਸ ਵਿਚ ਇਕ ਅਜੀਬ ਆਨੰਦ ਹੈ ਤੇ ਮਜਬੂਰੀ। ਉਸ ਨੇ ਗੱਲ ਨੂੰ ਹੱਸ ਕੇ ਟਾਲ ਦਿੱਤਾ ਤੇ ਕਿਸੇ ਹੋਰ ਨਾਲ ਵਿਆਹ ਕਰ ਲਿਆ। ਉਸ ਪਿੱਛੋਂ ਮੈਂ ਲਾਹੌਰ ਛੱਡ ਕੇ ਚਲਾ ਗਿਆ ਤੇ ਕੁੱਲੂ ਦੀ ਵਾਦੀ ਵਿਚ ਕਈ ਦਿਨ ਚੀਲ੍ਹਾਂ ਦੇ ਜੰਗਲਾਂ ਵਿਚ ਘੁੰਮਦਾ ਰਿਹਾ...।"

ਇਸ ਮਨੋਦਸ਼ਾ ਵਿਚ ਘੁੰਮਦਿਆਂ ਉਸ ਨੇ 'ਕੁਆਰੀ ਟੀਸੀ' ਨਾਟਕ ਲਿਖਿਆ ਜੋ ਲਾਹੌਰ ਤੇ ਦਿੱਲੀ ਰੇਡੀਉ ਤੋਂ ਅਨੇਕਾਂ ਵਾਰ ਖੇਡਿਆ ਗਿਆ। 'ਕੁਆਰੀ ਟੀਸੀ' ਇਕ ਅਣਛੋਹੀ ਕੁਆਰੀ ਕੁੜੀ ਦਾ ਪ੍ਰਤੀਕ ਹੈ ਜਿਸ ਨੂੰ ਕੋਈ ਛੋਹ ਨਹੀਂ ਸਕਦਾ। ਜੋ ਕੋਈ ਉਸ ਨੂੰ ਚੁੰਮੇਗਾ ਉਹ ਨਾਸ਼ ਹੋ ਜਾਵੇਗਾ। 1944 ਵਿਚ ਲਿਖੇ ਨਾਟਕ 'ਕੁਆਰੀ ਟੀਸੀ' ਦੀ ਚੰਦੀ 1954 ਵਿਚ ਲਿਖੇ ਨਾਟਕ 'ਕਣਕ ਦੀ ਬੱਲੀ' ਵਿਚ ਭਰਪੂਰ ਜਜ਼ਬੇ ਵਾਲੀ ਤਾਰੋ ਬਣ ਗਈ। ਬਲਵੰਤ ਗਾਰਗੀ ਹਰ ਗੱਲ ਨਾਟਕੀ ਅੰਦਾਜ਼ ਵਿਚ ਕਰਦਾ ਸੀ। ਇਸ਼ਕ ਵੀ ਤੇ ਤੋੜ ਵਿਛੋੜਾ ਵੀ। ਲੇਖਣੀ ਨੂੰ ਸੈਕਸੀ ਮਸਾਲਾ ਵੀ ਲਾਉਂਦਾ ਸੀ। ਉਸ ਨੇ ਅਜੀਤ ਕੌਰ ਦੇ ਸ਼ਬਦ ਚਿੱਤਰ ਦਾ ਨਾਂ 'ਕਾੜ੍ਹਨੀ' ਰੱਖਿਆ ਜਿਸ ਵਿਚ ਉਹਦੇ ਮੂੰਹੋਂ ਡਾਇਲਾਗ ਬੁਲ-ਾਇਆ, "ਤੀਵੀਂ ਖਾਲੀ ਘਰ ਵਾਂਗ ਹੈ।

ਹਰ ਕੋਈ ਉਸ 'ਤੇ ਕਬਜ਼ਾ ਕਰਨਾ ਚਾਹੁੰਦਾ ਹੈ। ਕਿਸੇ ਆਦਮੀ ਨੂੰ ਚੰਗਾ ਸਮਝ ਕੇ ਜੇ ਤੀਵੀਂ ਉਸ ਨਾਲ ਸੌਂ ਜਾਵੇ ਤਾਂ ਉਹ ਝੱਟ ਉਸ ਨੂੰ ਕੋਈ ਜਾਇਦਾਦ ਸਮਝਣ ਲੱਗ ਪੈਂਦਾ ਹੈ। ਮੁਸੀਬਤ! ਚੰਗੇ ਆਦਮੀ ਨਾਲ ਸਿਰਫ਼ ਜਿਸਮਾਨੀ ਰਿਸ਼ਤਾ ਹੀ ਕਾਫੀ ਨਹੀਂ, ਉਸ ਨੂੰ ਕਲਪਨਾ ਤੇ ਸਮਝ ਦੀ ਵੀ ਲੋੜ ਹੈ। ਆਦਮੀ ਨਿਰਾ ਜਾਨਵਰ ਹੈ, ਉਸ ਨੂੰ ਮਨ ਦੀ ਲੋੜ ਨਹੀਂ। ਔਰਤ ਨੂੰ ਮਨ ਦੀ ਵਧੇਰੇ ਲੋੜ ਹੈ।"

'ਕੌਡੀਆਂ ਵਾਲਾ ਸੱਪ' ਵਿਚ ਸ਼ਿਵ ਕੁਮਾਰ ਦੇ ਮੂੰਹੋਂ ਅਖਵਾਇਆ, "ਇਹ ਸਾਲੀਆਂ ਤੀਵੀਆਂ ਹਮੇਸ਼ਾਂ ਰੋਂਦੀਆਂ ਰਹਿੰਦੀਆਂ ਨੇ ਕਿ ਫਲਾਂ ਮਰਦ ਨੇ ਮੇਰੀ ਅਸਮਤ ਲੁੱਟ ਲਈ। ਤੁਸੀਂ ਆਪਣੇ ਹੁਸਨ ਨੂੰ ਬੈਂਕ ਦੇ ਲਾਕਰ ਵਿਚ ਰੱਖ ਦਿਉ। ਮੈਂ ਬੈਂਕ ਵਿਚ ਕੰਮ ਕਰਦਾ ਹਾਂ। ਬੜੇ ਲਾਕਰ ਨੇ ਉਥੇ। ਨੋਟਾਂ ਦੇ ਥੱਬੇ।


ਸੋਨੇ ਦੇ ਗਹਿਣੇ। ਹੀਰੇ। ਪਰ ਕੋਈ ਅਜਿਹਾ ਲਾਕਰ ਨਹੀਂ ਜਿਥੇ ਤੀਵੀਂ ਆਪਣੇ ਹੁਸਨ ਜਾਂ ਜਵਾਨੀ ਨੂੰ ਰੱਖ ਕੇ ਕੁੰਜੀ ਜੇਬ ਵਿਚ ਪਾ ਲਵੇ? ਇਹ ਸਾਲੇ ਹੁਸਨ ਨੇ ਤਾਂ ਤਬਾਹ ਹੋਣਾ ਹੀ ਹੈ... ਤੇ ਤਬਾਹੀ ਕਿਸ ਗੱਲ ਦੀ? ਪਿਆਰ ਨਾਲ ਹੁਸਨ ਚਮਕਦਾ ਹੈ। ਜਵਾਨੀ ਮੱਚਦੀ ਹੈ। ਅਸਮਤ ਦਾ ਪਾਖੰਡ ਤਾਂ

ਕੋਝੀਆਂ ਤੀਵੀਆਂ ਨੇ ਰਚਿਆ ਹੈ। ਇਨਸਾਨੀ ਜਿਸਮ ਨੂੰ ਕੋਈ ਚੀਜ਼ ਮੈਲ੍ਹਾ ਨਹੀਂ ਕਰ ਸਕਦੀ। ਹਮੇਸ਼ਾਂ ਨਿਖਰਿਆ ਤੇ ਸੱਜਰਾ ਰਹਿੰਦਾ ਹੈ ਹੁਸਨ।" ਖ਼ੁਸ਼ਵੰਤ ਸਿੰਘ ਬਾਰੇ ਲਿਖਿਆ: ਜਦੋਂ ਮਿਲੋ ਉਹ ਗੱਪ-ਸ਼ੱਪ ਲਈ ਤਿਆਰ ਹੈ। ਉਸ ਨੂੰ ਲੋਕਾਂ ਦੇ ਲੁਕੇ ਰਾਜ਼, ਕਮੀਨਗੀ, ਦਰਿਆਦਿਲੀ ਤੇ ਬੇਵਕੂਫ਼ੀ ਬਾਰੇ ਬੇਸ਼ੁਮਾਰ ਕਿੱਸੇ ਯਾਦ ਹਨ। ਉਹ ਤੀਵੀਆਂ ਨਾਲ ਭੋਗ ਵਿਲਾਸ ਕਰਨ, ਉਹਨਾਂ ਦੇ ਠੰਢੇ ਤੇ ਗਰਮ ਸੁਭਾਅ ਬਾਰੇ, ਉਹਨਾਂ ਦੀਆਂ ਛਾਤੀਆਂ ਤੇ ਪੱਟਾਂ ਬਾਰੇ ਤੇ ਤੁਰੰਤ ਇਸ਼ਕਾਂ ਬਾਰੇ ਮਸਾਲੇਦਾਰ ਗੱਲਾਂ ਕਰਦਾ ਹੈ। ਕਾਫੀ ਪੀਂਦਾ ਜਾਂ ਪਾਨ ਚੱਬਦਾ ਉਹ ਹੱਸ ਹੱਸ ਦੂਜਿਆਂ ਦੀ ਖੱਲ ਲਾਹੁੰਦਾ ਹੈ। ਉਸ ਦੀ ਨਜ਼ਰ ਪਾਖੰਡ ਨੂੰ, ਸਾਹਿਤਕਾਰਾਂ ਦੀਆਂ ਫੜ੍ਹਾਂ ਨੂੰ, ਪੁੱਠੀਆਂ ਕੀਮਤਾਂ ਨੂੰ, ਬਸਤਰਾਂ ਅੰਦਰਲੇ ਅਸਤਰਾਂ ਨੂੰ, ਅੰਗੀਆਂ 'ਚ ਲੁਕੇ ਜਿਨਸੀ ਰੂਪ ਨੂੰ ਝੱਟ ਤਾੜ ਜਾਂਦੀ ਹੈ...।

ਉਹ ਆਖਦਾ ਹੈ, "ਮਜ਼ਹਬ ਨੇ ਦੁਨੀਆ ਵਿਚ ਜਿਤਨਾ ਖ਼ੂਨ ਖਰਾਬਾ, ਕਤਲ ਤੇ ਜੰਗਾਂ ਕਰਵਾਈਆਂ ਹਨ, ਹੋਰ ਕਿਸੇ ਚੀਜ਼ ਨੇ ਨਹੀਂ। ਈਸਾਈਆਂ ਨੇ ਕਈ ਸੌ ਸਾਲ ਤੀਕ ਯੂਰੇਸ਼ਲਮ ਉਤੇ ਕਬਜ਼ਾ ਕਰਨ ਲਈ ਹਜਰਤ ਈਸਾ ਦਾ ਨਾਂ ਲੈ ਕੇ ਲੜਾਈਆਂ ਲੜੀਆਂ। ਮੁਸਲਮਾਨਾਂ ਨੇ ਕਾਫ਼ਰਾਂ ਦੇ ਖ਼ਿਲਾਫ਼ ਜਹਾਦ ਕੀਤੇ ਤੇ ਉਨ੍ਹਾਂ ਨੂੰ ਕਤਲ ਕੀਤਾ। ਹਿੰਦੂਆਂ ਦੇ ਧਰਮ ਯੁਧ ਤੇ ਸਿੱਖਾਂ ਦੇ ਮੋਰਚਿਆਂ ਦੀ ਬਿਨਾਅ ਵੀ ਮਜ਼ਹਬ ਹੈ। ਹਿੰਦੋਸਤਾਨ ਵਿਚ ਵੀ ਹਿੰਦੂਆਂ ਤੇ ਇਸਾਈਆਂ ਵਿਚਕਾਰ, ਮੁਸਲਮਾਨਾਂ ਤੇ ਹਿੰਦੂਆਂ ਵਿਚਕਾਰ, ਹਿੰਦੂਆਂ ਤੇ ਸਿੱਖਾਂ ਵਿਚਕਾਰ ਅਤੇ ਸੁੰਨੀਆਂ ਤੇ ਸ਼ੀਆਂ ਵਿਚਕਾਰ ਫਸਾਦ ਹੋਏ। ਹਰੀਜਨਾਂ ਦੀਆਂ ਤੀਵੀਆਂ ਨੂੰ ਫੜ ਕੇ ਜਬਰ ਜਿਨਾਹ ਕੀਤਾ ਜਾਂਦਾ ਹੈ ਤੇ ਉਹਨਾਂ ਦੀਆਂ ਝੁੱਗੀਆਂ ਨੂੰ ਸਾੜਿਆ ਜਾਂਦਾ ਹੈ-ਜਾਤ ਪਾਤ ਤੇ ਮਜ਼ਹਬ ਦੇ ਨਾਂ ਉਤੇ...।"

ਕਹਿਣ ਨੂੰ ਭਾਵੇਂ ਕੋਈ ਕੁਝ ਕਹੀ ਜਾਵੇ ਬਲਵੰਤ ਗਾਰਗੀ ਤੇ ਖ਼ੁਸ਼ਵੰਤ ਸਿੰਘ ਸੀ ਕਮਾਲ ਦੇ ਲੇਖਕ!*

ਮੈਂ ਸਿਆਟਲ ਕਈ ਵਾਰ ਗਿਆ ਹਾਂ। ਉਥੇ ਮੈਨੂੰ ਗਾਰਗੀ ਮੁੜ ਮੁੜ ਯਾਦ ਆ ਜਾਂਦਾ ਰਿਹਾ। ਉਥੇ ਜਾ ਕੇ ਜੀਨੀ ਵੀ ਯਾਦ ਆ ਜਾਂਦੀ ਰਹੀ। ਜੀਨੀ ਗਾਰਗੀ ਚੰਡੀਗੜ੍ਹੋਂ ਭੱਜ ਕੇ ਜੀਨੀ ਚੌਹਾਨ ਬਣ ਗਈ ਤੇ ਉਹਦੀ ਭੈਣ ਐਲਿਜ਼ਾਬੈੱਥ ਸੰਧੂ ਬਣਨੋਂ ਬਚ ਗਈ! ਬਣ ਜਾਂਦੀ ਤਾਂ ਜੀਨੀ ਵਾਂਗ ਭੱਜਣਾ ਉਹਨੂੰ ਵੀ ਪੈਣਾ ਸੀ! ਹੁਣ ਐਲਿਜ਼ਾਬੈੱਥ ਦਾ



ਇਕ ਪੁੱਤਰ ਹੈ ਮੈਥਿਊ ਜੈਫ਼ਕੌਟ ਅਤੇ ਦੋ ਪੋਤੇ ਹਨ, ਮਿੱਲੋ ਤੇ ਔਗਸਤ ਪੈਪਰ। ਪੋਤੇ ਤਾਂ ਮੇਰੇ ਵੀ ਹਨ ਸੁਹੇਲ, ਸਿਮਰ ਤੇ ਹਿੰਮਤ ਸਿੰਘ। ਜੀਨੀ ਦੀ ਮਾਂ ਜੀਨ ਮੈਕਲਾਰਨ ਹੈਨਰੀ, 18 ਜੁਲਾਈ 2005 ਨੂੰ ਸਿਆਟਲ 'ਚ ਪੂਰੀ ਹੋਈ। ਗਾਰਗੀ 22 ਅਪ੍ਰੈਲ 2003 ਨੂੰ ਮੁੰਬਈ ਵਿਚ ਪੂਰਾ ਹੋਇਆ। ਉਹਦਾ ਦਿੱਲੀ ਵਿਚ ਸਸਕਾਰ ਹੋਇਆ ਤੇ ਅਸਥੀਆਂ ਬਠਿੰਡੇ ਨਹਿਰ ਵਿਚ ਤਾਰੀਆਂ ਗਈਆਂ। ਜੀਨ ਮੈਕਲਾਰਨ 1912 ਵਿਚ ਜੰਮੀ ਸੀ ਜੋ ਆਪਣੇ ਜੁਆਈ ਗਾਰਗੀ ਤੋਂ ਚਾਰ ਸਾਲ ਹੀ ਵੱਡੀ ਸੀ। ਸ਼ੁਕਰ ਐ ਗਾਰਗੀ ਉਹਦੇ ਨਾਲ ਨੀ ਸੀ ਵਿਆਹਿਆ ਗਿਆ! ਜੀਨੀ ਦਾ ਪਿਓ ਜੈਕ ਹੈਨਰੀ 1997 'ਚ ਪੂਰਾ ਹੋ ਗਿਆ ਸੀ। ਜੀਨੀ ਤੇ ਗਾਰਗੀ ਦਾ ਪੁੱਤ ਮੰਨੂ ਗਾਰਗੀ ਬਾਲੀਵੁੱਡ ਤੇ ਹਾਲੀਵੁੱਡ ਦੀਆਂ ਫਿਲਮਾਂ 'ਚ ਕੰਮ ਕਰਦਾ ਰਿਹਾ ਤੇ ਧੀ ਜੰਨਤ ਗਾਰਗੀ ਸਿਆਟਲ ਵਿਚ ਮਾਡਲਿੰਗ ਕਰਦੀ ਰਹੀ। ਗਾਰਗੀ ਦੇ ਡਰਾਮੇ 'ਚੋਂ ਬਚ ਜਾਣ ਪਿੱਛੋਂ ਆਪਾਂ ਨੂੰ ਕੋਈ ਫਿਕਰ ਨਹੀਂ ਰਿਹਾ ਪਈ ਐਲਜ਼ਾਬੈੱਥ ਹੈਨਰੀ ਕੀ ਕਰਦੀ ਰਹੀ?

NOW HIRING
AZ TANKER DRIVERS
BASED OUT OF BRAMPTON | OSHAWA | HAMILTON

McASPHALT Ltd.
McASPHALT

REQUIREMENTS & BENEFITS

ABLE TO START RIGHT AWAY

COMPETITIVE COMPENSATION PACKAGE
*inclusive of competitive hourly rate, daily per diems, full benefit package and competitive pension plan*

SUBMIT RESUME
vidhu.rajkumar@mcasphalt.com

## ਮੇਰੀ ਪਾਕਿਸਤਾਨ ਫੇਰੀ-5

# ਪੰਜਵਾਂ ਦਿਨ ਸ੍ਰੀ ਕਰਤਾਰਪੁਰ ਸਾਹਿਬ ਵਿਖੇ ਤੇ ਏਹਸਾਨ ਬਾਜਵਾ ਦੇ ਨਾਲ







ਪਾਕਿਸਤਾਨ ਜਾ ਕੇ ਉੱਧਰ ਰਹਿ ਗਏ ਗੁਰਦੁਆਰਾ ਸਾਹਿਬਾਨ ਦੇ ਦਰਸ਼ਨ ਕਰਨ ਦੀ ਤਾਂਘ ਤੇ ਰੀਝ ਹਰੇਕ ਸਿੱਖ ਦੇ ਮਨ ਦੀ ਹੁੰਦੀ ਹੈ। ਉਨ੍ਹਾਂ ਵੱਲੋਂ ਹਰ ਰੋਜ਼ ਕੀਤੀ ਜਾਂਦੀ ਅਰਦਾਸ ਵਿਚ ਵਿੱਛੜੇ ਗੁਰਧਾਮਾਂ ਦੇ ਦਰਸ਼ਨ ਕਰਨ ਦੀ ਇੱਛਾ ਤੇ ਅਭਿਲਾਸ਼ਾ ਵੀ ਜ਼ਾਹਿਰ ਕੀਤੀ ਜਾਂਦੀ ਹੈ। ... ਤੇ ਆਪਣੀ ਇਹ ਅਭਿਲਾਸ਼ਾ ਪੂਰੀ ਕਰਨ ਲਈ ਪਾਕਿਸਤਾਨ ਜਾਣ ਦਾ ਸਾਡਾ ਸਬੱਬ ਮੇਜ਼ਬਾਨ ਅਹਿਮਦ ਰਜ਼ਾ ਦੀ ਹਿੰਮਤ ਨਾਲ ਬਣ ਗਿਆ ਸੀ।

ਸ੍ਰੀ ਕਰਤਾਰਪੁਰ ਸਾਹਿਬ ਦੇ ਦਰਸ਼ਨ ਕਰਨ ਜਾਣ ਲਈ 'ਲਾਂਘਾ' ਬਨਾਉਣ ਦਾ ਕੰਮ ਪਾਕਿਸਤਾਨ ਅਤੇ ਭਾਰਤ ਸਰਕਾਰ ਦੀ ਆਪਸੀ ਸਹਿਮਤੀ ਨਾਲ ਨਵੰਬਰ 2018 ਵਿਚ ਸ਼ੁਰੂ ਹੋਇਆ ਅਤੇ ਇਕ ਸਾਲ ਦੇ ਰਿਕਾਰਡ ਸਮੇਂ ਵਿੱਚ ਦੋਹੀਂ ਪਾਸੀਂ ਤਿਆਰ ਕਰਕੇ ਇਹ ਨਵੰਬਰ 2019 ਵਿੱਚ ਯਾਤਰੀਆਂ ਲਈ ਖੋਲ੍ਹ ਦਿੱਤਾ ਗਿਆ ਸੀ, ਹਾਲਾਂਕਿ ਇਸ ਦੇ ਕਰਨ ਵਾਲਾ ਬਹੁਤਾ ਕੰਮ ਪਾਕਿਸਤਾਨ ਵਾਲੇ ਪਾਸੇ ਸੀ। ਇਸ ਲਾਂਘੇ ਦਾ 'ਸਿਹਰਾ' ਕਈ ਪਾਕਿਸਤਾਨ ਦੇ ਤਤਕਾਲੀ ਪ੍ਰਧਾਨ ਮੰਤਰੀ ਤੇ ਕ੍ਰਿਕਟਰ ਇਮਰਾਨ ਖਾਨ ਅਤੇ ਭਾਰਤੀ ਕ੍ਰਿਕਟਰ ਨਵਜੋਤ ਸਿੰਘ ਸਿੱਧੂ ਦੀ 'ਦੋਸਤੀ' ਦੇ ਸਿਰ ਬੰਨ੍ਹਦੇ ਹਨ ਅਤੇ ਕਈ ਇਸ ਦੀ ਪਹਿਲ ਕਰਨ ਲਈ ਪਾਕਿਸਤਾਨੀ ਫੌਜ ਦੇ ਤਤਕਾਲੀ ਮੁਖੀ ਜਨਰਲ ਕਮਰ ਬਾਜਵਾ ਦਾ ਨਾਂ ਵੀ ਲੈਂਦੇ ਹਨ ਜਿਸ ਨੇ ਲਾਹੌਰ ਵਿੱਚ ਹੋਏ ਇੱਕ ਸਮਾਗਮ 'ਚ ਸ਼ਿਰਕਤ ਕਰਦਿਆਂ ਆਪਣੀ ਕੁਰਸੀ ਤੋਂ ਉੱਠ ਕੇ ਪਾਕਿਸਤਾਨ ਪਹੁੰਚੇ ਨਵਜੋਤ ਸਿੱਧੂ ਨੂੰ ਜੱਫੀ ਵਿਚ ਜਾ ਲਿਆ ਸੀ। ਖੈਰ, ਇਹ ਜਿਵੇਂ ਵੀ ਹੋਇਆ, ਇਸ ਦੇ ਵਿਸਥਾਰ ਵਿੱਚ ਜਾਣ ਦੀ ਲੋੜ ਨਹੀਂ, ਪਰ ਏਨਾ ਜ਼ਰੂਰ ਕਿਹਾ ਜਾ ਸਕਦਾ ਹੈ ਕਿ ਦੋਹਾਂ ਦੇਸ਼ਾਂ ਦੀਆਂ ਸਰਕਾਰਾਂ ਵੱਲੋਂ ਇਹ ਚੰਗੀ ਸ਼ੁਰੂਆਤ ਸੀ। ਇਸ ਨਾਲ ਇਨ੍ਹਾਂ ਗਵਾਂਢੀ ਦੇਸ਼ਾਂ ਦੇ ਲੋਕਾਂ ਨੂੰ ਇੱਕ ਦੂਸਰੇ ਦੇ ਕੁੱਝ ਨੇੜੇ ਹੋਣ ਦਾ ਮੌਕਾ ਮਿਲਿਆ ਹੈ। ਦੋਹਾਂ ਪਾਸਿਆਂ ਤੋਂ ਹਜ਼ਾਰਾਂ ਦੀ ਗਿਣਤੀ ਵਿੱਚ ਸ਼ਰਧਾਲੂ ਰੋਜ਼ ਬੜੀ ਸ਼ਰਧਾ ਨਾਲ ਇਸ ਅਸਥਾਨ 'ਤੇ ਨਤਮਸਤਕ ਹੋਣ ਲਈ ਆਉਂਦੇ ਹਨ। ਆਉਣ ਵੀ ਕਿਉਂ ਨਾ, ਬਾਬਾ ਨਾਨਕ ਜੇਕਰ ਹਿੰਦੂਆਂ ਤੇ ਸਿੱਖਾਂ ਦੇ 'ਗੁਰੂ' ਹੈ ਤਾਂ ਉਹ ਮੁਸਲਮਾਨਾਂ ਦਾ 'ਪੀਰ' ਵੀ ਤਾਂ ਹੈ।

ਲਾਹੌਰ ਵਿੱਚ ਰਹਿੰਦਿਆਂ ਅੱਜ ਸਾਡਾ ਪੰਜਵਾਂ ਦਿਨ ਸੀ ਅਤੇ ਇਸ ਦਿਨ ਅਸੀਂ ਉਧਰੋਂ ਆ ਕੇ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਦੇ ਦਰਸ਼ਨ ਕਰਨ ਦਾ ਪ੍ਰੋਗਰਾਮ ਬਣਾਇਆ। ਇਹ ਉਹ ਪਵਿੱਤਰ ਅਸਥਾਨ ਹੈ ਜਿੱਥੇ ਗੁਰੂ ਨਾਨਕ ਦੇਵ ਜੀ ਨੇ ਆਪਣੀਆ ਇਤਿਹਾਸਕ 'ਚਾਰ ਉਦਾਸੀਆਂ' ਦੌਰਾਨ ਭਾਰਤ ਅਤੇ ਦੁਨੀਆਂ ਦੇ ਕਈ ਹੋਰ ਦੇਸ਼ਾਂ ਦੇ ਵੱਖ-ਵੱਖ ਅਸਥਾਨਾਂ ਦਾ ਭ੍ਰਮਣ ਕਰਦਿਆਂ ਹੋਇਆਂ ਆਪਣੀ ਵਿਚਾਰਧਾਰਾ ਦਾ ਚਾਨਣ ਲੋਕਾਂ ਵਿਚ ਫੈਲਾਉਣ ਤੋਂ ਬਾਅਦ ਵਾਪਸ ਆ ਕੇ ਜੀਵਨ ਦੇ ਅਖੀਰਲੇ ਪੜਾਅ ਦੌਰਾਨ 18 ਸਾਲ ਖੇਤੀ ਕਰਕੇ ਕਿਰਤ ਕਰਨ ਦੇ ਆਪਣੇ ਸਿਧਾਂਤ ਨੂੰ ਅਮਲੀ ਰੂਪ ਦਿੱਤਾ ਸੀ। ਹੋਟਲ ਵਿੱਚ ਬਰੇਕਫਾਸਟ ਕਰਨ ਤੋਂ ਬਾਅਦ ਨੌਂ ਕੁ ਵਜੇ ਅਸੀਂ ਆਪਣੇ ਪਾਕਿਸਤਾਨੀ ਦੋਸਤਾਂ ਨਾਲ ਨਾਰੋਵਾਲ ਸ਼ਹਿਰ ਵੱਲ ਜਾਣ ਵਾਲੇ 'ਮੋਟਰਵੇਅ' ਵੱਲ ਚੱਲ ਪਏ। ਪਾਕਿਸਤਾਨ ਦੇ ਮੋਟਰਵੇਜ਼ ਉੱਪਰ ਤਾਂ ਮੋਟਰਾਂ, ਗੱਡੀਆਂ ਤੇ ਕਾਰਾਂ ਪਾਣੀ ਵਾਂਗ ਚੱਲਦੀਆਂ ਹਨ ਪਰ ਬਾਕੀ ਸੜਕਾਂ ਦਾ ਹਾਲ ਏਧਰਲੇ ਪੰਜਾਬ ਵਾਲਾ ਹੀ ਹੈ, ਸਗੋਂ ਕਈ ਤਾਂ ਏਧਰ ਨਾਲੋਂ ਵੀ ਮਾੜੀਆਂ ਹਨ। ਨਾਰੋਵਾਲ ਵੱਲ ਜਾਣ ਵਾਲਾ ਅੱਧਾ ਕੁ ਰਸਤਾ ਤਾਂ ਮੋਟਰਵੇਅ



'ਤੇ ਜਾਂਦਿਆਂ ਬੜੇ ਆਰਾਮ ਨਾਲ ਤੈਅ ਹੋ ਗਿਆ ਪਰ ਅੱਗੇ ਜਾ ਕੇ ਉਧਰ ਜਾਣ ਵਾਲੀ ਸੜਕ ਬੜੇ ਟੋਏ-ਟਿੱਬਿਆਂ ਵਾਲੀ ਸੀ। ਕੁਝ ਥਾਵਾਂ 'ਤੇ ਇਸ ਦੀ ਮੁਰੰਮਤ ਹੋ ਰਹੀ ਸੀ ਅਤੇ ਉੱਥੇ ਤਾਂ ਉਸ ਤੋਂ ਵੀ ਮਾੜਾ ਹਾਲ ਸੀ। ਚੱਲ ਰਹੀ ਅੱਧੀ ਸੜਕ 'ਤੇ ਆਉਣ ਤੇ ਜਾਣ ਵਾਲੀਆ ਗੱਡੀਆਂ ਇਕ ਦੂਸਰੀ ਨੂੰ ਥੋੜ੍ਹੀ ਕੀਤਿਆਂ ਰਾਹ ਨਹੀਂ ਦੇ ਰਹੀਆਂ ਸਨ ਅਤੇ ਕਈ ਥਾਵਾਂ 'ਤੇ ਤਾਂ ਟਰੈਫਿਕ-ਜਾਮ ਵਾਲੀ ਹਾਲਤ ਬਣੀ ਹੋਈ ਸੀ। ਖੈਰ, "ਵਾਹਿਗੁਰੂ-ਵਾਹਿਗੁਰੂ" ਤੇ "ਅੱਲਾ-ਅੱਲਾ" ਕਰਦਿਆਂ ਆਪਣੇ ਇਸ਼ਟਾਂ ਨੂੰ ਧਿਆਉਂਦੇ ਹੋਏ ਅਸੀਂ ਆਸ ਨਾਲੋਂ ਦੂੱਗਣੇ ਸਮੇਂ (ਲੱਗਭੱਗ ਤਿੰਨ ਘੰਟਿਆਂ) ਵਿਚ ਨਾਰੋਵਾਲ ਦੀ ਜੂਹ ਵਿਚ ਪਹੁੰਚੇ। ਇਸ ਤੋਂ ਥੋੜ੍ਹਾ ਜਿਹਾ ਅੱਗੇ ਜਾ ਕੇ ਸੱਜੇ ਹੱਥ ਗੁਰਦੁਆਰਾ ਸਾਹਿਬ ਨੂੰ ਜਾਣ ਵਾਲੀ ਸੜਕ ਦਾ ਨਾਂ ਪਾਕਿਸਤਾਨ ਸਰਕਾਰ ਵੱਲੋਂ 'ਗੁਰੂ ਨਾਨਕ ਮਾਰਗ' ਰੱਖਿਆ ਗਿਆ ਹੈ। ਇਸ ਉੱਪਰ ਜਾਂਦਿਆਂ ਪਾਕਿਸਤਾਨੀ ਰੇਂਜਰਾਂ ਵੱਲੋਂ ਚਾਰ ਥਾਵਾਂ 'ਤੇ ਸਾਡੀ, ਸਾਡੇ ਮੇਜ਼ਬਾਨ ਰਜ਼ਾ, ਸਹਿਯੋਗੀ ਕੈਮਰਾਮੈਨ ਫੈਸਲ ਅਤੇ ਗੱਡੀ ਦੇ ਡਰਾਈਵਰ ਸੁਹੇਲ ਦੀ ਪੁੱਛ-ਗਿੱਛ ਕੀਤੀ ਗਈ। ਸਾਨੂੰ ਤਾਂ ਕੇਵਲ ਏਨਾ ਹੀ ਪੁੱਛਿਆ ਗਿਆ ਕਿ ਤੁਸੀਂ ਕਿੱਥੋਂ ਤੇ ਕਦੋਂ ਆਏ ਹੋ ਪਰ ਸਾਡੇ ਸਾਥੀਆਂ ਨੂੰ ਉਨ੍ਹਾਂ ਵੱਲੋਂ ਹੋਰ ਵੀ ਕਈ ਸੁਆਲ ਕੀਤੇ ਗਏ, ਜਿਵੇਂ ਕਿ ਤੁਸੀਂ ਬੜੀ ਜਲਦੀ-ਜਲਦੀ ਇਧਰ ਆ ਜਾਂਦੇ ਹੋ, ਕਰਤਾਰਪੁਰ ਸਾਹਿਬ। ... ਤੇ ਇਸ ਦਾ ਜੁਆਬ ਉਨ੍ਹਾਂ ਨੂੰ ਕਾਫੀ ਤਸੱਲੀਪੂਰਵਕ ਮਿਲਿਆ ਕਿ ਆਪਣੇ ਮਹਿਮਾਨਾਂ ਨਾਲ ਤਾਂ ਫਿਰ ਆਉਣਾ ਹੀ ਬਣਦਾ ਏ।

### ਗੁਰਦੁਆਰਾ ਸਾਹਿਬ ਅੰਦਰ ਜਾਣ ਲਈ ਦਾਖ਼ਲਾ ਫੀਸ

ਪਾਕਿਸਤਾਨੀ ਰੇਂਜਰਾਂ ਦੀ ਅਖੀਰਲੀ ਚੈੱਕ-ਪੋਸਟ ਪਾਰ ਕਰਕੇ ਉਸ ਤੋਂ ਥੋੜ੍ਹੀ ਜਿਹੀ ਦੂਰ ਬਣੇ ਹੋਏ ਇੱਕ ਦਫ਼ਤਰ ਤੋਂ ਲੋੜੀਂਦੀ ਟਿਕਟਾਂ ਖ਼ਰੀਦੀਆਂ ਜੋ ਪਾਕਿਸਤਾਨੀ ਸ਼ਰਧਾਲੂਆਂ ਲਈ 400 ਪਾਕਿਸਤਾਨੀ ਰੁਪਏ ਦੀਆਂ ਸਨ ਪਰ ਸਾਡੇ ਵਰਗੇ 'ਮਹਿਮਾਨਾਂ' ਲਈ ਇਹ ਦਾਖ਼ਲਾ ਬਿਲਕੁਲ ਫ਼ਰੀ ਸੀ। ਇਹ ਸਾਡੇ ਲਈ ਹੈਰਾਨੀ ਵਾਲੀ ਗੱਲ ਸੀ, ਕਿਉਂਕਿ ਵਿਦੇਸ਼ੀ ਸੈਲਾਨੀਆਂ ਲਈ ਆਮ ਤੌਰ 'ਤੇ ਇਹ ਟਿਕਟਾਂ ਹੋਰ ਵੀ ਵਧੇਰੇ ਮਹਿੰਗੀਆਂ ਰੱਖੀਆਂ ਹੁੰਦੀਆਂ ਹਨ, ਜਿਵੇਂ ਕਿ ਭਾਰਤ ਵਿੱਚ ਆਗਰੇ ਦਾ 'ਤਾਜ ਮਹੱਲ' ਵੇਖਣ ਜਾਣ ਵਾਲੇ ਵਿਦੇਸ਼ੀ ਸੈਲਾਨੀਆਂ ਲਈ ਇਹ ਟਿਕਟ ਚਾਰ-ਪੰਜ ਗੁਣਾਂ ਹੈ। ਚੜ੍ਹਦੇ ਪੰਜਾਬ ਵਿਚ ਡੇਰਾ ਬਾਬਾ ਨਾਨਕ ਵੱਲੋਂ ਵਾਲੇ ਪਾਸਿਉਂ ਕਰਤਾਰਪੁਰ ਸਾਹਿਬ ਨੂੰ ਆਉਣ ਵਾਲਿਆਂ ਲਈ ਭਾਰਤ ਸਰਕਾਰ ਵੱਲੋਂ ਇਹ 20 ਅਮਰੀਕਨ ਡਾਲਰ ਰੱਖੀ ਗਈ ਹੈ ਜੋ ਭਾਰਤੀ ਕਰੰਸੀ ਅਨੁਸਾਰ ਲੱਗਭੱਗ 1600 ਰੁਪਏ ਬਣਦੀ ਹੈ ਅਤੇ ਪਾਕਿਸਤਾਨੀ ਕਰੰਸੀ ਮੁਤਾਬਿਕ ਤਾਂ ਇਸ ਦੇ 5000 ਰੁਪਏ ਬਣ ਜਾਂਦੇ ਹਨ, ਕਿਉਂਕਿ ਪਾਕਿਸਤਾਨ ਵਿੱਚ ਵਧੀ ਮਹਿੰਗਾਈ ਕਾਰਨ ਇਸ ਕਰੰਸੀ ਦੀ ਕੀਮਤ ਕਾਫੀ ਹੇਠਾਂ ਚਲੀ ਗਈ ਹੈ।

ਵੇਟਿੰਗ-ਹਾਲ ਦੇ ਸਾਹਮਣੇ ਖੜੀ ਇੱਕ ਖ਼ੂਬਸੂਰਤ ਡੀਲਕਸ ਬੱਸ ਸਾਡੀ ਉਡੀਕ ਕਰ ਰਹੀ ਸੀ। ਕੁਝ ਲੋਕ ਉਸ ਵਿੱਚ ਸਾਡੇ ਤੋਂ ਪਹਿਲਾਂ ਹੀ ਬੈਠੇ ਹੋਏ ਸਨ। ਅਸੀਂ ਵੀ ਜਾ ਕੇ ਸੀਟਾਂ 'ਤੇ ਬੈਠ ਗਏ। ਕੁਝ ਯਾਤਰੀ ਸਾਡੇ ਤੋਂ ਬਾਅਦ ਆਏ ਅਤੇ ਦਸ ਕੁ ਮਿੰਟ ਬਾਅਦ ਬੱਸ ਗੁਰਦੁਆਰਾ ਸਾਹਿਬ ਵੱਲ ਚੱਲ ਪਈ। ਪੈਂਡਾ ਕੇਵਲ ਡੇਢ ਕੁ ਕਿਲੋਮੀਟਰ ਹੀ ਸੀ ਅਤੇ ਪੰਜਾਂ ਕੁ ਮਿੰਟਾਂ ਵਿਚ ਬੱਸ ਗੁਰਦੁਆਰਾ ਸਾਹਿਬ ਦੇ ਸਾਹਮਣੇ ਬਣੇ ਪਾਕਿਸਤਾਨੀ ਦਫ਼ਤਰ ਦੇ ਅੱਗੇ ਖੜੀ ਹੋ ਗਈ। ਬੱਸੋਂ ਉੱਤਰ ਕੇ ਅਸੀਂ ਉਸ ਦਫ਼ਤਰ ਵੱਲ ਗਏ ਜਿੱਥੇ ਡਿਊਟੀ 'ਤੇ ਤਾਇਨਾਤ ਕਰਮਚਾਰੀਆਂ ਵੱਲੋਂ ਬੜੇ ਸਤਿਕਾਰ ਨਾਲ ਸਾਡੇ ਪਾਸਪੋਰਟ ਚੈੱਕ ਕਰਦਿਆਂ ਹੋਇਆਂ ਆਪਣੇ ਕੰਪਿਊਟਰ ਵਿੱਚ ਦਰਜ ਕੀਤੇ ਗਏ। ਕੈਮਰੇ ਦੇ ਸਾਹਮਣੇ ਖੜੇ ਕਰ ਕੇ ਸਾਡੀਆਂ ਤਸਵੀਰਾਂ ਲਈਆਂ ਗਈਆਂ ਅਤੇ ਉਨ੍ਹਾਂ ਦੇ ਨਾਲ ਤਿਆਰ ਕੀਤੀਆਂ ਗਈਆਂ 'ਵਿਜ਼ਟਰ ਆਈ. ਡੀਜ਼' ਸਾਨੂੰ ਗਲ਼ਾਂ ਵਿੱਚ ਪਾਉਣ ਲਈ ਦਿੱਤੀਆਂ ਗਈਆਂ। ਇਸ ਕੰਮ ਵਿਚ 15-20 ਮਿੰਟ ਲੱਗ ਗਏ। ਜੋੜਾ-ਘਰ ਵਿੱਚ ਆਪਣੇ ਜੋੜੇ ਜਮ੍ਹਾਂ ਕਰਵਾਉਣ ਉਪਰੰਤ ਸ੍ਰੀ ਦਰਬਾਰ ਸਾਹਿਬ ਦੇ ਦਰਸ਼ਨ ਕਰਨ ਲਈ ਚੱਲ ਪਏ।

### ਗੁਰਦੁਆਰਾ ਸਾਹਿਬ ਦੇ ਦਰਸ਼ਨ-ਦੀਦਾਰੇ

ਗੁਰੂ ਨਾਨਕ ਦੇਵ ਜੀ ਦਾ ਇਤਿਹਾਸਕ ਖੂਹ ਜਿੱਥੋਂ ਉਹ ਆਪਣੀ ਖੇਤੀ ਨੂੰ ਪਾਣੀ ਲਾਇਆ ਕਰਦੇ ਸਨ, ਦੇ ਦਰਸ਼ਨ ਕਰਨ ਤੋਂ ਬਾਅਦ ਸੱਭ ਤੋਂ ਪਹਿਲਾਂ ਉਨ੍ਹਾਂ ਦੀ ਮਜ਼ਾਰ 'ਤੇ ਨਤਮਸਤਕ ਹੋਏ ਜਿੱਥੇ ਗੁਰੂ ਸਾਹਿਬ ਦੇ ਜੋਤੀ ਜੋਤ ਸਮਾਉਣ ਤੋਂ ਬਾਅਦ ਮੁਸਲਮਾਨਾਂ ਵੱਲੋਂ ਉਨ੍ਹਾਂ ਦੇ ਸਰੀਰ ਉੱਪਰਲੀ 'ਅੱਧੀ ਚਾਦਰ' ਨੂੰ ਦਫ਼ਨਾਇਆ ਗਿਆ ਸੀ। ਉਪਰੰਤ,





ਉਸ ਤੋਂ ਥੋੜ੍ਹਾ ਜਿਹਾ ਅੱਗੇ ਬਣੇ ਅਸਥਾਨ ਦੇ ਦਰਸ਼ਨ ਕੀਤੇ ਜਿੱਥੇ ਹਿੰਦੂਆਂ ਵੱਲੋਂ 'ਦੂਸਰੀ ਅੱਧੀ ਚਾਦਰ' ਦਾ ਸਸਕਾਰ ਕੀਤਾ ਗਿਆ ਸੀ। ਪੁਰਾਤਨ ਜਨਮ ਸਾਖੀਆਂ ਵਿਚ ਦਰਜ ਇਤਿਹਾਸ ਅਨੁਸਾਰ ਜੋਤੀ ਜੋਤ ਸਮਾਉਣ ਤੋਂ ਬਾਅਦ ਗੁਰੂ ਸਾਹਿਬ ਆਪਣੇ ਸਰੀਰ ਸਮੇਤ ਹੀ ਅਲੋਪ ਹੋ ਗਏ ਸਨ ਅਤੇ ਹਿੰਦੂਆਂ ਤੇ ਮੁਸਲਮਾਨਾਂ ਦੇ ਸਾਂਝੇ 'ਗੁਰੂ ਤੇ ਪੀਰ' ਦੇ ਸਰੀਰ ਉੱਪਰਲੀ ਚਾਦਰ ਨੂੰ ਉਨ੍ਹਾਂ ਵੱਲੋਂ ਅੱਧੀ-ਅੱਧੀ ਵੰਡ ਕੇ ਉਸ ਦਾ ਆਪੋ ਆਪਣੇ ਇਸ਼ਟ ਅਨੁਸਾਰ ਸਸਕਾਰ ਕੀਤਾ ਗਿਆ ਸੀ ਅਤੇ ਦਫ਼ਨਾਇਆ ਗਿਆ ਸੀ।

ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਗੁਰਦੁਆਰਾ ਸਾਹਿਬ ਦੀ ਉੱਪਰਲੀ ਮੰਜ਼ਲ 'ਤੇ ਕੀਤਾ ਹੋਇਆ ਹੈ। ਉੱਥੇ ਸ਼ਰਧਾ ਨਾਲ ਮੱਥਾ ਟੇਕਿਆ ਅਤੇ ਇੱਕ ਨੌਜੁਆਨ ਵੱਲੋਂ ਹਾਰਮੋਨੀਅਮ 'ਤੇ ਗਾਇਆ ਜਾ ਰਿਹਾ ਸ਼ਬਦ ਸਰਵਣ ਕੀਤਾ। ਹੈਰਾਨੀ ਦੀ ਗੱਲ ਸੀ ਕਿ ਉਸ ਦੇ ਨਾਲ ਹਾਰਮੋਨੀਅਮ 'ਤੇ ਜੋੜੀ ਦੇ ਨਾਲ ਸੰਗਤ ਕਰਨ ਵਾਲਾ ਕੋਈ ਨਹੀਂ ਸੀ ਅਤੇ ਉਹ ਇਕੱਲਾ ਹੀ ਉਸ ਸਮੇਂ ਸ਼ਬਦ ਗਾ ਰਿਹਾ ਸੀ। ਸ਼ਾਇਦ ਇਹ ਗੁਰਦੁਆਰਾ ਸਾਹਿਬ ਵਿਚ ਮੌਜੂਦ ਰਾਗੀ ਸਿੰਘਾਂ ਦੇ ਜੱਥਿਆ ਦੀ ਘਾਟ ਦੇ ਕਾਰਨ ਹੋਵੇ। ਕੜਾਹ-ਪ੍ਰਸ਼ਾਦ ਲੈਣ ਪਿੱਛੋਂ ਸੇਵਾਦਾਰ ਕੋਲੋਂ ਪਿੰਨੀ-ਪ੍ਰਸ਼ਾਦ ਵੀ ਲਿਆ ਤਾਂ ਜੋ ਇਹ ਵਾਪਸੀ 'ਤੇ ਆਪਣੇ ਰਿਸ਼ਤੇਦਾਰਾਂ ਅਤੇ ਜਾਣ-ਪਛਾਣ ਵਾਲਿਆ ਨੂੰ ਦਿੱਤਾ ਜਾ ਸਕੇ। ਉੱਪਰਲੀ ਮੰਜ਼ਲ ਦੀ ਛੱਤ 'ਤੇ ਜਾ ਕੇ ਆਲ਼ੇ-ਦੁਆਲ਼ੇ ਦੇ ਖੇਤਾਂ ਵੱਲ ਨਜ਼ਰ ਦੌੜਾਈ ਜਿੱਥੇ ਗੁਰੂ ਸਾਹਿਬ ਖੇਤੀ ਕਰਿਆ ਕਰਦੇ ਸਨ।

'ਪੰਜਾਬੀ ਪ੍ਰਚਾਰ ਟੀ.ਵੀ.' ਲਈ ਇੱਕ ਖੁੱਲ੍ਹੇ ਜਿਹੇ ਥਾਂ 'ਤੇ ਜਾ ਕੇ ਗੁਰਦੁਆਰਾ ਸਾਹਿਬ ਦੇ ਇਤਿਹਾਸ ਬਾਰੇ ਮੇਜ਼ਬਾਨਾਂ ਵੱਲੋਂ ਸਾਡੀ ਗੱਲਬਾਤ ਦੀ ਰਿਕਾਰਡਿੰਗ ਕੀਤੀ ਗਈ ਅਤੇ ਫਿਰ ਉਸ ਤੋਂ ਅੱਗੇ ਹੋਰ ਖੁੱਲ੍ਹੀ ਜਗ੍ਹਾ ਵੱਲ ਚਲੇ ਗਏ ਜਿੱਥੇ ਇਸ ਅਸਥਾਨ ਦੀ ਪਾਕਿਸਤਾਨ ਸਰਕਾਰ ਵੱਲੋਂ ਕੀਤੇ ਗਏ ਨਵੀਨੀਕਰਨ ਤੋਂ ਬਾਅਦ ਇਸ ਦਾ ਉਦਘਾਟਨ ਸਮਾਰੋਹ ਬੜੇ ਧੂਮ-ਧੜੱਕੇ ਨਾਲ ਕੀਤਾ ਗਿਆ ਸੀ ਅਤੇ ਪ੍ਰਧਾਨ ਮੰਤਰੀ ਇਮਰਾਨ ਖਾਨ ਦੇ ਸੱਦੇ 'ਤੇ ਸਾਬਕਾ ਕ੍ਰਿਕਟਰ ਮੌਜੂਦਾ ਸਿਆਸੀ ਲੀਡਰ ਨਵਜੋਤ ਸਿੱਧੂ ਇਸ ਵਿੱਚ ਉਚੇਚੇ ਤੌਰ 'ਤੇ ਸ਼ਾਮਲ ਹੋਏ ਸਨ ਇਸ ਅਸਥਾਨ 'ਤੇ ਛੋਟੀ ਕਿਰਪਾਨ ਦਾ ਬਣਿਆ ਹੋਇਆ ਵੱਡਾ ਸਾਰਾ ਖ਼ੂਬਸੂਰਤ ਆਕਾਰ ਵੇਖਿਆ। ਯਾਤਰੀ ਅਕਸਰ ਇਸ ਦੇ ਸਾਹਮਣੇ ਖਲੋ ਕੇ ਤਸਵੀਰਾਂ ਖਿਚਵਾ ਰਹੇ ਸਨ ਅਤੇ ਅਸੀਂ ਵੀ ਇੱਥੇ ਕੁਝ ਤਸਵੀਰਾਂ ਲੈਣ ਤੋਂ ਬਾਅਦ ਲੰਗਰ ਅਸਥਾਨ ਵੱਲ ਚੱਲ ਪਏ। ਲੰਗਰ ਵਿੱਚ ਛੋਲੀਏ ਵਾਲੇ ਚੌਲ਼ ਤੇ ਰਾਜਮਾਂਹ ਬਣੇ ਹੋਏ ਸਨ। ਸਮਾਂ ਵੀ ਵਾਹਵਾ ਹੋ ਗਿਆ ਸੀ ਤੇ ਭੁੱਖ ਵੀ ਕਾਫੀ ਲੱਗ ਚੁੱਕੀ ਸੀ। ਲੰਗਰ ਛਕਦਿਆਂ ਜਦ ਮੈਂ ਸੇਵਾਦਾਰ ਕੋਲੋਂ ਦੂਸਰੀ ਵਾਰੀ ਰਾਜਮਾਂਹ ਪਵਾਉਣ ਲੱਗਾ ਤਾਂ ਅਹਿਮਦ ਰਜ਼ਾ ਮੈਨੂੰ ਕੁੱਝ ਯਾਦ ਕਰਾਉਂਦਿਆ ਹੋਇਆਂ ਕਹਿਣ ਲੱਗੇ, "ਝੰਡ ਸਾਹਿਬ, ਆਪਾਂ ਏਹਸਾਨ ਬਾਜਵਾ ਹੁਰਾਂ ਕੋਲ਼ ਵੀ ਜਾਣਾ ਹੈ ਅਤੇ ਉੱਥੇ ਲੰਚ ਵੀ ਕਰਨਾ ਹੈ।" ਜਿਸ ਦਾ ਮੈਨੂੰ ਲੰਗਰ ਛਕਦਿਆਂ ਚੇਤਾ ਹੀ ਭੁੱਲਿਆ ਹੋਇਆ ਸੀ।

ਵਾਪਸੀ 'ਤੇ ਇੰਮੀਗਰੇਸ਼ਨ ਦਫ਼ਤਰ ਵਿਚ ਆਪਣੀਆਂ 'ਯਾਤਰੀ ਆਈਡੀਆਂ' ਜਮ੍ਹਾਂ ਕਰਵਾਈਆਂ ਅਤੇ ਬੱਸ ਵਿਚ ਬੈਠ ਕੇ ਪਾਰਕਿੰਗ ਵਾਲੀ ਥਾਂ 'ਤੇ ਪਹੁੰਚ ਗਏ। ਉੱਥੋਂ ਆਪਣੀ ਗੱਡੀ ਲਈ ਅਤੇ 'ਗੁਰੂ ਨਾਨਕ ਮਾਰਗ' 'ਤੇ ਜਾਣ ਤੋਂ ਬਾਅਦ ਨਾਰੋਵਾਲ ਵੱਲ ਜਾਣ ਵਾਲੀ ਸੜਕ 'ਤੇ ਆ ਗਏ। ਨਾਰੋਵਾਲ ਜੋ ਪਹਿਲਾਂ ਤਹਿਸੀਲ ਹੀ ਹੁੰਦੀ ਸੀ, ਹੁਣ ਇਸ ਸਮੇਂ ਜ਼ਿਲਾ ਹੈੱਡ-ਕੁਆਟਰ ਹੈ ਅਤੇ ਇੱਥੇ ਇਕ ਡਿਗਰੀ ਕਾਲਜ ਅਤੇ ਮੈਡੀਕਲ ਕਾਲਜ ਤੋਂ ਇਲਾਵਾ 'ਨਾਰੋਵਾਲ ਯੂਨੀਵਰਸਿਟੀ ਆਫ਼ ਇੰਜੀਨੀਅਰਿੰਗ ਐਂਡ ਟੈਕਨਾਲੋਜੀ' ਵੀ ਹੈ। ਅਹਿਮਦ ਰਜ਼ਾ ਨੇ ਦੱਸਿਆ ਕਿ ਵਧੀਆ ਵਿੱਦਿਅਕ ਕੇਂਦਰ ਹੋਣ ਦੇ ਨਾਲ ਨਾਲ ਇਹ ਵਿਓਪਾਰ ਦਾ ਵੀ ਵੱਡਾ ਕੇਂਦਰ ਹੈ। ਸੜਕ 'ਤੇ ਕੁਝ ਕਿਲੋਮੀਟਰ ਅੱਗੇ ਜਾ ਕੇ ਸਾਡਾ ਅਗਲਾ ਪੜਾਅ 'ਪਡਿਆਲ' ਪਿੰਡ ਸੀ ਜਿੱਥੇ ਜਾਣ ਲਈ ਉਸ ਦੇ ਰਸਤੇ ਦਾ ਮੋੜ ਆਉਣਾ ਸੀ ਅਤੇ ਇੱਥੇ ਲਹਿੰਦੇ



ਪੰਜਾਬ ਦੇ ਮਸ਼ਹੂਰ ਪੰਜਾਬੀ ਕਵੀ ਏਹਸਾਨ ਬਾਜਵਾ ਨੇ ਸਾਨੂੰ ਬਾਅਦ ਦੁਪਹਿਰ ਤਿੰਨ ਕੁ ਵਜੇ ਮਿਲਣਾ ਸੀ। ਏਹਸਾਨ ਬਾਜਵਾ ਨਾਲ ਨਿੱਘੀ ਮਿਲਣੀ ਬਾਜਵਾ ਸਾਹਿਬ ਦਾ ਆਪਣਾ ਪਿੰਡ 'ਗੱਖੜਵਾਲੀ' ਹੈ ਅਤੇ ਇਹ ਏਸੇ ਸੜਕ 'ਤੇ ਲਾਹੌਰ ਵਾਲੇ ਪਾਸੇ ਪੈਂਦਾ ਸੀ ਪਰ ਸਾਡੇ ਮੇਜ਼ਬਾਨ ਨੇ ਉਨ੍ਹਾਂ ਨੂੰ ਆਪਣੇ ਕਰੀਬੀ ਦੋਸਤ ਸੋਮੀ ਪਢਿਆਰ ਦੇ ਪਿੰਡ ਪਡਿਆਲ ਵਿਖੇ ਬੁਲਾਇਆ ਹੋਇਆ ਸੀ। ਇਹ ਪਿੰਡ ਨਾਰੋਵਾਲ ਤੋਂ ਲਾਹੌਰ ਨੂੰ ਜਾਂਦੀ ਮੇਨ-ਸੜਕ ਤੋਂ ਕੁਝ ਹੱਟਵਾਂ ਸੀ। ਏਹਸਾਨ ਬਾਜਵਾ ਅਤੇ ਉਨ੍ਹਾਂ ਦੇ ਪੰਜ-ਛੇ ਸਾਥੀ ਦੋ ਕਾਰਾਂ ਵਿਚ ਆ ਕੇ ਪਿੰਡ ਨੂੰ ਜਾਣ ਵਾਲੀ ਸੜਕ ਦੇ ਮੋੜ 'ਤੇ ਸਾਡਾ ਇੰਤਜ਼ਾਰ ਕਰ ਰਹੇ ਸਨ। ਉੱਥੇ ਪਹੁੰਚਣ 'ਤੇ ਉਹ ਸਾਰੇ ਸਾਨੂੰ ਬੜੇ ਤਪਾਕ ਨਾਲ ਮਿਲੇ ਅਤੇ ਆਪਣੀ ਇੱਕ ਕਾਰ ਸਾਡੀ ਗੱਡੀ ਦੇ ਅੱਗੇ ਲਾ ਕੇ ਸਾਡਾ ਮਾਰਗ ਦਰਸ਼ਨ ਕਰਨ ਲੱਗੇ। ਲਿੰਕ ਰੋਡ 'ਤੇ ਜਾਂਦਿਆਂ ਦੋ-ਤਿੰਨ ਵਲ਼-ਵਿੰਗ ਪਾ ਕੇ ਚਾਰ-ਪੰਜ ਕਿਲੋਮੀਟਰ ਅੱਗੇ ਜਾ ਕੇ ਪਿੰਡ ਪਡਿਆਲ ਆ ਗਿਆ। ਘਰ ਪਹੁੰਚੇ ਤਾਂ ਮੇਜ਼ਬਾਨ ਸੋਮੀ ਪਢਿਆਰ ਦੇ ਪਰਿਵਾਰਿਕ ਮੈਂਬਰਾਂ ਨੇ ਸਾਡੇ ਗਲ਼ਾਂ ਵਿੱਚ ਫੁੱਲਾਂ ਦੇ ਹਾਰ ਪਾ ਕੇ ਅਤੇ ਸਾਡੇ ਉੱਪਰ ਗੁਲਾਬ ਦੀਆਂ ਫੁੱਲ-ਪੱਤੀਆਂ ਸੁੱਟ ਕੇ ਸਾਡਾ ਨਿੱਘਾ ਸੁਆਗਤ ਕੀਤਾ। ਉਹ ਸਾਨੂੰ ਬੜੇ ਮੋਹ-ਪਿਆਰ ਨਾਲ ਜੱਫੀਆਂ ਪਾ ਪਾ ਕੇ ਮਿਲੇ। ਉਨ੍ਹਾਂ ਨੇ ਪਿੰਡ ਵਿੱਚੋਂ ਜਾਣ-ਪਛਾਣ ਵਾਲੇ ਆਪਣੇ 10-12 ਦੋਸਤ ਵੀ ਸਾਨੂੰ ਮਿਲਾਉਣ ਲਈ ਬੁਲਾਏ ਹੋਏ ਸਨ। ਬੈਠਕ ਵਿੱਚ ਪਾਣੀ-ਧਾਣੀ ਪੀਣ ਅਤੇ ਕੁਝ ਗੱਲਾਂ-ਬਾਤਾਂ ਕਰਨ ਤੋਂ ਬਾਅਦ ਨਾਲ ਸਾਰੇ ਲੱਗਦੇ ਕਮਰੇ ਵੱਲ ਹੋ ਤੁਰੇ ਜਿੱਥੇ ਖੁਸ਼ਬੂਆਂ ਛੱਡਦਾ ਗਰਮ-ਗਰਮ ਖਾਣਾ ਸਾਡੀ ਉਡੀਕ ਕਰ ਰਿਹਾ ਸੀ। ਖਾਣੇ ਵਿੱਚ ਦੋ-ਤਿੰਨ ਤਰ੍ਹਾਂ ਦਾ ਸਲਾਦ, ਚਿਕਨ, ਚਾਵਲ, ਦਾਲ, ਦਹੀਂ, ਰੈਤੇ ਅਤੇ ਲੋਹ 'ਤੇ ਬਣੇ ਗਰਮ-ਗਰਮ ਫੁਲਕਿਆਂ ਦੇ ਨਾਲ ਪੰਜਾਬੀਆਂ ਦਾ ਮਨ-ਭਾਉਂਦਾ 'ਖਾਜਾ' ਸਾਗ ਵੀ ਪ੍ਰੋਸਿਆ ਹੋਇਆ ਸੀ ਜੋ ਪੰਜਾਬੀ-ਪ੍ਰਾਹੁਣਚਾਰੀ ਦਾ ਮੁੱਖ- ਅੰਗ ਸਮਝਿਆ ਜਾਂਦਾ ਹੈ। ਸਵੀਟ-ਡਿਸ਼ ਵਿੱਚ ਮੱਠੀ-ਮੱਠੀ ਅੱਗ ਉੱਤੇ ਰਿੱਝੀ ਹੋਈ ਬਦਾਮਾਂ ਵਾਲੀ ਖੀਰ ਜੋ ਕੜ੍ਹ-ਕੜ੍ਹ ਕੇ ਰਬੜੀ ਦਾ ਰੂਪ ਰਾਰਨ ਕਰ ਚੁੱਕੀ ਸੀ, ਖਾਣ ਦਾ ਆਪਣਾ ਹੀ ਮਜ਼ਾ ਸੀ। ਗੁਰਦੁਆਰਾ ਸਾਹਿਬ ਵਿੱਚ ਅਸੀਂ ਭਾਵੇਂ ਲੰਗਰ ਛਕ ਕੇ ਆਏ ਸੀ ਪਰ ਫਿਰ ਵੀ ਇੱਥੇ ਇਸ ਸੁਆਦਲੇ ਖਾਣੇ ਦਾ ਖ਼ੂਬ ਅਨੰਦ ਮਾਣਿਆ।

ਖਾਣੇ ਤੋਂ ਵਿਹਲੇ ਹੋ ਕੇ ਬਾਹਰ ਵਿਹੜੇ ਵਿੱਚ ਡੱਠੀਆਂ ਕੁਰਸੀਆਂ 'ਤੇ ਜਾ ਬਿਰਾਜਮਾਨ ਹੋਏ ਜਿੱਥੇ ਆਪਸੀ ਗੱਲ-ਬਾਤ ਦਾ ਦੌਰ ਚੱਲਦਾ ਰਿਹਾ। ਇਸ ਦੌਰਾਨ ਹੀ ਭੈਣ ਗੁਰਚਰਨ ਥਿੰਦ ਨੇ ਇੱਕ ਪਾਸੇ ਦੋ ਕੁਰਸੀਆਂ ਸਜਾ ਕੇ ਕੈਮਰਾਮੈਨ ਫੈਸਲ ਦੀ ਸਹਾਇਤਾ ਨਾਲ 'ਪੰਜਾਬੀ ਪ੍ਰਚਾਰ ਟੀ.ਵੀ. ਅਤੇ ਜਲੰਧਰ ਵਿੱਚ ਚੱਲ ਰਹੇ 'ਪੰਜਾਬੀ ਨੈਸ਼ਨਲ ਟੀ.ਵੀ.' ਲਈ ਏਹਸਾਨ ਬਾਜਵਾ ਦੀ ਇੰਟਰਵਿਊ ਕਰਨੀ ਆਰੰਭ ਕਰ ਦਿੱਤੀ।

ਏਹਸਾਨ ਬਾਜਵਾ ਲਹਿੰਦੇ ਪੰਜਾਬ ਦੇ ਮਸ਼ਹੂਰ ਕਵੀ ਤੇ ਕਿੱਸਾਕਾਰ ਹਨ। ਉਨ੍ਹਾਂ ਦੀਆਂ ਕਵਿਤਾਵਾਂ ਦੀ ਕਿਤਾਬ 'ਕੁਆਰ ਗੰਦਲ', ਪੂਰਨ ਭਗਤ ਦਾ ਕਿੱਸਾ 'ਪੂਰਨ ਬਾਣੀ', ਮਿਰਜ਼ਾ ਸਾਹਿਬਾਂ ਦਾ ਕਿੱਸਾ 'ਰਾਠ ਬਾਣੀ' ਸ਼ਾਹਮੁਖੀ ਵਿੱਚ ਛਪ ਚੁੱਕੀਆਂ ਹਨ। ਇੱਕ ਨਾਵਲ ਵੀ ਹੈ, 'ਲਹੂ ਰੰਗੀ ਸਵੇਰ'। ਇਸ ਦੇ ਨਾਲ ਹੀ ਉਹ ਪੰਜਾਬੀ ਅਖਾਣਾਂ ਦੇ ਵੀ ਵੱਡੇ ਸੰਗ੍ਰਹਿ-ਕਰਤਾ ਹਨ। 'ਆਖਣ ਲੋਕ ਸਿਆਣੇ' ਦੇ ਸਿਰਲੇਖ ਹੇਠ ਇਹ ਕਿਤਾਬ ਸ਼ਾਹਮੁਖੀ ਵਿੱਚ ਛੇ ਜਿਲਦਾਂ ਵਿੱਚ ਛਪੀ ਹੈ ਅਤੇ ਇਨ੍ਹਾਂ ਛੇ ਜਿਲਦਾਂ ਵਿਚ ਲੱਗਭੱਗ 32,000 ਅਖਾਣ ਵਿਸਥਾਰ ਪੂਰਵਕ ਵਿਆਖਿਆ ਸਮੇਤ ਸ਼ਾਮਲ ਕੀਤੇ ਗਏ ਹਨ। ਏਹਸਾਨ ਬਾਜਵਾ ਨੇ ਦੱਸਿਆ ਗਿਆ ਕਿ ਉਨ੍ਹਾਂ ਨੇ ਇਹ ਕਿਤਾਬ ਗੁਰਮੁਖੀ ਲਿਪੀ ਵਿੱਚ ਵੀ ਤਿਆਰ ਕਰ ਲਈ ਹੈ ਅਤੇ ਇਹ ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਜਲਦੀ ਹੀ ਛਾਪੀ ਜਾ ਰਹੀ ਹੈ।

ਬਾਜਵਾ ਸਾਹਿਬ ਨੂੰ ਸੱਭ ਤੋਂ ਵਧੇਰੇ ਪ੍ਰਸਿੱਧੀ ਉਨ੍ਹਾਂ ਵੱਲੋਂ ਹੀਰ ਰਾਂਝੇ ਦੀ ਪ੍ਰੇਮ-ਗਾਥਾ ਸਬੰਧੀ ਲਿਖੇ ਕੀਤੇ ਗਏ ਮਹਾਂ-ਕਾਵਿ 'ਸੱਚ ਬਾਣੀ' ਨਾਲ ਮਿਲੀ ਜੋ ਪੰਜਾਬ ਯੂਨੀਵਰਸਿਟੀ ਦੇ ਓਰੀਐਂਟਲ ਕਾਲਜ ਵਿਚ ਤਾਲਿਬ ਹੁਸੈਨ ਬੁਖਾਰੀ ਵੱਲੋਂ ਪੀਐੱਚ. ਡੀ. ਦੀ ਉਚੇਰੀ ਡਿਗਰੀ ਲਈ ਕੀਤੀ ਗਈ ਖੋਜ ਦੇ ਆਧਾਰਿਤ ਹੈ। ਖੋਜ ਤੋਂ ਪ੍ਰਭਾਵਿਤ ਹੋ ਕੇ ਆਪਣੇ ਇਸ ਮਹਾਂ-ਕਾਵਿ ਵਿੱਚ ਉਨ੍ਹਾਂ ਨੇ ਵਾਰਿਸ ਸ਼ਾਹ ਦੀ 'ਹੀਰ' ਨੂੰ ਨਵਾਂ ਮੋੜ ਦਿੱਤਾ ਹੈ ਅਤੇ ਦੱਸਿਆ ਹੈ ਕਿ ਹੀਰ 'ਤੇ ਰਾਂਝੇ ਦੀ ਮੰਗਣੀ ਉਸ ਸਮੇਂ ਦੇ ਪ੍ਰਚੱਲਤ ਰਿਵਾਜ ਅਨੁਸਾਰ ਬਚਪਨ ਵਿੱਚ ਹੀ ਹੋ ਗਈ ਸੀ। ਜਵਾਨ ਹੋ ਕੇ ਕਈ ਸਾਲਾਂ ਬਾਅਦ ਰਾਂਝਾ ਆਪਣੀ ਮੰਗੇਤਰ ਨੂੰ ਮਿਲਣ ਲਈ ਉੱਥੇ ਗਿਆ ਅਤੇ ਬਾਰਾਂ ਸਾਲ ਉਸ ਨੇ ਹੀਰ ਦੇ ਬਾਪ ਦੀਆਂ ਮੱਝਾਂ ਚਾਰੀਆ। ਹੀਰ ਦੇ ਬਾਪ ਚੂਚਕ ਨੂੰ ਇਹ ਰਿਸ਼ਤਾ ਮਨਜ਼ੂਰ ਸੀ ਪਰ ਉਸ ਦਾ ਛੋਟਾ ਭਰਾ ਕੈਦੋ ਹੀਰ ਦਾ ਰਿਸ਼ਤਾ ਖੇੜਿਆਂ ਦੇ ਵੱਡੇ ਜੱਟ ਜ਼ਿਮੀਂਦਾਰ ਦੇ ਪੁੱਤਰ ਸੈਦੇ ਦੇ ਨਾਲ ਕਰਨਾ ਚਾਹੁੰਦਾ ਸੀ ਅਤੇ ਉਸ ਨੇ ਆਪਣੇ ਭਰਾ ਨੂੰ ਇਸ ਦੇ ਲਈ ਰਾਜ਼ੀ ਕਰ ਲਿਆ।

ਇੱਕ ਪੱਖ ਹੋਰ ਵੀ ਇਸ ਖੋਜ ਦੇ ਨਾਲ ਜੁੜਦਾ ਹੈ। ਉਹ ਇਹ ਕਿ ਖੋਜ-ਕਰਤਾ ਡਾ. ਤਾਲਿਬ ਹੁਸੈਨ ਬੁਖਾਰੀ ਜੱਟ ਬਰਾਦਰੀ ਨਾਲ ਸਬੰਧ ਰੱਖਦੇ ਹਨ ਅਤੇ ਉਨ੍ਹਾਂ ਨੂੰ ਵਾਰਿਸ ਸ਼ਾਹ ਦੇ ਕਿੱਸੇ 'ਹੀਰ' ਵਿੱਚ ਜੱਟਾਂ ਸਬੰਧੀ ਦਰਜ ਕਈ ਟਿੱਪਣੀਆਂ ਪਸੰਦ ਨਾ ਹੋਣ ਕਰਕੇ ਉਨ੍ਹਾਂ ਆਪਣੀ ਖੋਜ ਵਿੱਚ ਜੱਟਾਂ ਦੀ ਖ਼ੂਬ ਸਰਾਹਨਾ ਕੀਤੀ ਗਈ ਹੈ। ਏਹਸਾਨ ਬਾਜਵਾ ਵੀ ਜੱਟ ਹੋਣ ਕਾਰਨ ਤਾਲਿਬ ਹੁਸੈਨ ਬੁਖਾਰੀ ਨਾਲ ਸਹਿਮਤ ਹੋ ਗਏ ਅਤੇ ਉਨ੍ਹਾਂ ਨੇ ਉਸ ਦੀ ਇਸ ਖੋਜ ਨੂੰ ਆਪਣੇ ਕਿੱਸੇ ਵਿਚ ਇਸ ਨੂੰ ਆਧਾਰ ਬਣਾ ਲਿਆ। ਉਂਜ, ਇਹ ਵੀ ਸੁਣਨ ਵਿੱਚ ਰਿਹਾ ਹੈ ਕਿ ਕਈ ਵਿਦਵਾਨ ਅਤੇ ਆਲੋਚਕ ਤਾਲਿਬ ਹੁਸੈਨ ਬੁਖਾਰੀ ਦੀ ਇਸ ਇਹ ਨਵੀਂ ਖੋਜ ਦੇ ਹੱਕ ਵਿੱਚ ਨਹੀਂ ਹਨ। ਇਸ ਦੀ ਭਾਵੇਂ ਆਲੋਚਨਾ ਹੋਵੇ ਜਾਂ ਸਰਾਹਨਾ ਜਾਂ ਕੁਝ ਹੋਰ ਵੀ ਹੋਵੇ, ਏਹਸਾਨ ਬਾਜਵਾ ਦੇ ਇਸ ਸ਼ਾਹਕਾਰ ਵਿਚ ਦਰਜ ਜਾਣਕਾਰੀ ਦਾ ਘੇਰਾ ਏਨਾ ਵਿਸ਼ਾਲ ਹੈ ਕਿ ਇਸ ਨੂੰ ਪੰਜਾਬ ਦੇ ਇਤਿਹਾਸ, ਪੰਜਾਬੀ ਸਭਿਆਚਾਰ, ਪੰਜਾਬੀ ਰੀਤੀ-ਰਿਵਾਜਾਂ ਅਤੇ ਪੰਜਾਬੀਆਂ ਦੇ ਜਨ-ਜੀਵਨ ਦਾ 'ਬਹੁ-ਮੁੱਲਾ ਖ਼ਜ਼ਾਨਾ' ਕਿਹਾ ਜਾ ਸਕਦਾ ਹੈ।

ਬਾਜਵਾ ਸਾਹਿਬ ਦੀ ਇੰਟਰਵਿਊ ਅਸੀਂ ਅਜੇ ਥੋੜ੍ਹੀ ਜਿਹੀ ਹੀ ਸੁਣੀ ਸੀ ਕਿ ਏਨੇ ਨੂੰ ਮੇਜ਼ਬਾਨ ਪਰਿਵਾਰ ਦੇ ਮੈਂਬਰਾਂ ਨੇ ਸਾਨੂੰ ਬਾਹਰ ਖੇਤਾਂ ਵੱਲ ਜਾਣ ਦੀ ਸੁਲਾਹ ਮਾਰੀ ਅਤੇ ਅਸੀਂ ਉਨ੍ਹਾਂ ਦੇ ਨਾਲ ਬਾਹਰ ਲਹਿ-ਲੁਹਾਉਂਦੀਆਂ ਫ਼ਸਲਾਂ ਵੇਖਣ ਚੱਲ ਪਏ। ਹਰੀਆਂ ਕਚੂਰ ਕਣਕਾਂ ਉਹਨੀਂ ਦਿਨੀਂ ਪੂਰੇ ਜੋਬਨ 'ਤੇ ਸਨ ਅਤੇ ਨਾਲ ਲੱਗਦੇ ਸਰ੍ਹੋਂ ਦੇ ਖੇਤਾਂ ਵਿੱਚ ਖਿੜੇ ਪੀਲ਼ੇ ਫੁੱਲ ਉਨ੍ਹਾਂ ਦੀ ਖ਼ੂਬਸੂਰਤੀ ਨੂੰ ਹੋਰ ਵੀ ਚਾਰ-ਚੰਨ ਲਾ ਰਹੇ ਸਨ। ਇਕ ਖੇਤ ਵਿਚ 'ਛਟਾਲਾ' (ਹਰਾ ਚਾਰਾ) ਵੀ ਆਪਣੇ ਪੂਰੇ ਰੌਂਅ ਵਿੱਚ ਸੀ। ਮੇਰੇ ਜੀਜਾ ਜੀ ਸੁਖਵਿੰਦਰ ਸਿੰਘ ਥਿੰਦ ਜੋ ਕੁਝ ਸਾਲ ਪਹਿਲਾਂ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਤੋਂ 'ਸੀਨੀਅਰ ਸਾਇਲ-ਸਾਇੰਟਿਸਟ' ਵਜੋਂ ਸੇਵਾ-ਮੁਕਤ ਹੋਏ ਹਨ, ਨੇ ਆਪਣੀ ਦਿਲਚਸਪੀ ਲਈ ਸੋਮੀ ਪਢਿਆਰ ਨੂੰ ਪੁੱਛ ਲਿਆ, "ਇਨ੍ਹਾਂ ਕਣਕਾਂ ਨੂੰ ਤੁਸੀਂ ਖਾਦ ਕਿੰਨੀ ਕੁ ਪਾਈ ਹੈ।" ਇਸ ਦੇ ਜੁਆਬ ਵਿਚ ਉਨ੍ਹਾਂ ਦੱਸਿਆ ਕਿ ਬਿਜਾਈ ਦੇ ਸਮੇਂ ਕਿੱਲੇ ਨੂੰ ਇੱਕ-ਇੱਕ ਗੱਟਾ ਡੀ.ਏ.ਪੀ. ਦਾ ਪਾਇਆ ਸੀ ਅਤੇ ਫਿਰ ਬਾਅਦ ਵਿਚ ਤਾਂ ਅੱਧਾ-ਅੱਧਾ ਗੱਟਾ ਹੀ ਯੂਰੀਆ ਦਾ ਪਾਇਆ ਗਿਆ। ਡਾ. ਥਿੰਦ ਅਨੁਸਾਰ ਕਣਕ ਲਈ ਖਾਦ ਦੀ ਇਹ ਵਰਤੋਂ ਬਿਲਕੁਲ ਸਹੀ ਸੀ, ਵਰਨਾ ਆਪਣੇ ਵਾਲੇ ਪਾਸੇ ਤਾਂ ਕਈ ਕਿਸਾਨ ਖਾਦ ਦੀ ਵਰਤੋਂ ਇਸ ਤੋਂ ਬਹੁਤ ਵਧੇਰੇ ਕਰਦੇ ਹਨ। ਦਰਅਸਲ, ਲਹਿੰਦੇ ਪੰਜਾਬ ਦੇ ਸਮੁੱਚੇ ਏਰੀਏ ਦੇ ਖੇਤਾਂ ਨੂੰ ਰਾਵੀ, ਜਿਹਲਮ ਅਤੇ ਝਨਾਂ ਦਰਿਆਵਾਂ ਵਿੱਚੋਂ 1947 ਦੀ 'ਵੰਡ' ਤੋਂ ਪਹਿਲਾਂ ਅਤੇ ਕੁਝ ਬਾਅਦ ਵਿਚ ਕੱਢੀਆਂ ਗਈਆਂ ਨਹਿਰਾਂ ਦਾ ਪਾਣੀ ਲੱਗਦਾ ਹੈ। ਇਹ ਜ਼ਮੀਨ ਨੂੰ ਠੰਢਾ ਤੇ ਉਪਜਾਊ ਰੱਖਣ ਵਿੱਚ ਸਹਾਈ ਹੁੰਦਾ ਹੈ ਅਤੇ ਇਸ ਤਰ੍ਹਾਂ ਇੱਥੇ ਫ਼ਸਲਾਂ ਨੂੰ ਰਸਾਇਣਕ ਖਾਦਾਂ ਅਤੇ ਪਾਣੀ ਦੀ ਬਹੁਤੀ ਜ਼ਰੂਰਤ ਨਹੀਂ ਪੈਂਦੀ। ਮੇਜ਼ਬਾਨ ਸੋਮੀ ਨੇ ਇਹ ਵੀ ਦੱਸਿਆ ਕਿ ਇਸ ਵਾਰ ਕਣਕਾਂ ਨੂੰ ਇੱਕ ਵੀ ਪਾਣੀ ਦੇਣ ਦੀ ਲੋੜ ਨਹੀਂ ਪਈ, ਕਿਉਂਕਿ ਬਾਰਸ਼ਾਂ ਬੜੇ ਸਮੇਂ ਸਿਰ ਹੁੰਦੀਆਂ ਰਹੀਆਂ ਹਨ। ਸਰ੍ਹੋਂ ਦੇ ਖੇਤਾਂ ਵਿਚ ਖਿੜੇ ਹੋਏ ਪੀਲੇ-ਪੀਲੇ ਫੁੱਲਾਂ ਦੇ ਸਾਹਮਣੇ ਖਲੋ ਕੇ ਸਾਰਿਆਂ ਨੇ ਗਰੁੱਪ ਫੋਟੋ ਕੀਤੀ ਅਤੇ ਫਿਰ ਘਰ ਨੂੰ ਵਾਪਸ ਆ ਗਏ।

ਘਰ ਪਹੁੰਚਦਿਆਂ ਨੂੰ ਚਾਹ ਦਾ ਦੌਰ ਚੱਲ ਰਿਹਾ ਸੀ ਅਤੇ ਅਸੀਂ ਵੀ ਇਸ ਵਿੱਚ ਸ਼ਾਮਲ ਹੋ ਗਏ। ਚਾਹ ਦੇ ਨਾਲ ਘਰ ਦੀ ਬਣੀ ਹੋਈ 'ਬਰਾਉਨ ਬਰਫੀ' ਖਾਧੀ ਜੋ ਸ਼ਹਿਰਾਂ ਵਿਚ ਕਿਤੇ ਚੰਗੀ ਕਿਸਮਤ ਨਾਲ ਹੀ ਮਿਲਦੀ ਹੈ। ਸ਼ਾਮ ਦੇ ਛੇ ਵੱਜ ਰਹੇ ਸਨ ਅਤੇ ਕੁਝ ਕੁਝ ਹਨੇਰਾ ਵੀ ਹੋ ਗਿਆ ਸੀ। ਮੇਜ਼ਬਾਨ ਬਾਜਵਾ ਭਰਾਵਾਂ ਅਤੇ ਏਹਸਾਨ ਬਾਜਵਾ ਕੋਲੋਂ ਆਗਿਆ ਲਈ ਅਤੇ ਰਾਤ ਦੇ ਨੌਂ ਵਜੇ ਦੇ ਕਰੀਬ ਵਾਪਸ ਹੋਟਲ ਪਹੁੰਚੇ।

# ਸਿਆਸਤ ਦੇ ਬਾਬਾ ਬੋਹੜ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਹੰਝੂਆਂ ਭਰੀ ਵਿਦਾਇਗੀ











ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਵੀਰਵਾਰ ਨੂੰ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨਮਿੱਤ ਅੰਤਿਮ ਰਸਮਾਂ ਵਿੱਚ ਸ਼ਾਮਲ ਹੋਏ।

...ਪੰਨਾ 1 ਦਾ ਬਾਕੀ

ਉਨ੍ਹਾਂ ਦੀ ਮ੍ਰਿਤਕ ਦੇਹ ਨੂੰ ਘਰ ਤੋਂ ਅੰਤਿਮ ਸੰਸਕਾਰ ਵਾਲੀ ਜਗਾ ਤੱਕ ਇਕ ਟਰਕੈਟਰ ਟਰਾਲੀ ਜੋ ਫੁੱਲਾਂ ਨਾਲ ਸਜਾਈ ਹੋਈ ਸੀ ਵਿਚ ਲਿਆਂਦਾ ਗਿਆ, ਜਿਸ ਵਿਚ ਸੁਖਬੀਰ ਸਿੰਘ ਬਾਦਲ , ਨੂੰਹ ਬੀਬਾ ਹਰਸਿਮਰਤ ਕੌਰ ਬਾਦਲ, ਪੋਤਰਾ ਅਨੰਤਵੀਰ ਸਿੰਘ ਬਾਦਲ, ਬੇਟੀ ਪ੍ਰਨੀਤ ਕੌਰ, ਜੁਆਈ ਆਦੇਸ਼ ਪ੍ਰਤਾਪ ਸਿੰਘ ਕੈਰੋਂ, ਮਨਪ੍ਰੀਤ ਸਿੰਘ ਬਾਦਲ, ਅਰਜਨ ਬਾਦਲ ਤੇ ਹੋਰ ਵੀ ਮੈਂਬਰ ਵੀ ਮੌਜੂਦ ਸਨ। ਪੰਜ ਵਾਰ ਪੰਜਾਬ ਦੇ ਮੁੱਖ ਮੰਤਰੀ ਰਹਿ ਚੁੱਕੇ ਪ੍ਰਕਾਸ਼ ਸਿੰਘ ਬਾਦਲ ਨੂੰ ਜਿੱਥੇ ਭਾਰਤ ਦੀਆਂ ਉੱਘੀਆਂ ਸਖ਼ਸ਼ੀਅਤਾਂ ਨੇ ਪਿੰਡ ਬਾਦਲ ਪਹੁੰਚ ਕੇ ਅੰਤਿਮ ਦਰਸ਼ਨ ਕੀਤੇ, ਉਥੇ ਨਾਲ ਹੀ ਹਜ਼ਾਰਾਂ ਦੀ ਗਿਣਤੀ ਵਿੱਚ ਆਮ ਲੋਕ ਸਿਆ-ਸਤਦਾਨ, ਉਘੇ ਵਿਦਵਾਨ ਅਤੇ ਵੱਖ ਵੱਖ ਧਾਰਮਿਕ ਸੰਸਥਾਵਾਂ ਨਾਲ ਜੁੜੇ ਮਹਾਂਪੁਰਸਾਂ ਨੇ ਵੀ ਬਾਦਲ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ।


ਬਾਦਲ ਦੀ ਮ੍ਰਿਤਕ ਦੇਹ ਨੂੰ ਬੁੱਧਵਾਰ ਦੇਰ ਸ਼ਾਮ ਚੰਡੀਗੜ੍ਹ ਤੋਂ ਗੱਡੀਆਂ ਦੇ ਵੱਡੇ ਕਾਫਲੇ ਦੇ ਰੂਪ ਵਿੱਚ ਉਹਨਾਂ ਦੇ ਜੱਦੀ ਪਿੰਡ ਬਾਦਲ ਲਿਆਂਦਾ ਗਿਆ। ਵੀਰਵਾਰ ਪਹੁ ਫੁੱਟੇ ਤੇ ਹੀ ਭਾਰੀ ਇਕੱਠ ਦੇ ਰੂਪ ਵਿੱਚ ਦੁੱਖੀ ਹਿਰਦਿਆਂ ਅਤੇ ਨਮ ਅੱਖਾਂ ਨਾਲ ਪਹੁੰਚ ਕੇ ਸੋਗ ਜਾਹਿਰ ਕੀਤਾ।

ਇਸ ਉਪਰੰਤ ਸਿਵਿਲ ਅਤੇ ਪੁਲਿਸ ਪ੍ਰਸਾਸ਼ਨ ਦੇ ਸਹਿਯੋਗ ਨਾਲ ਬਣਾਈ ਗਈ ਇੱਕ ਖਾਸ ਜਗ੍ਹਾਂ ਤੇ ਭਾਰੀ ਇਕੱਠ ਵਿੱਚ ਉਹਨਾਂ ਦੇ ਸਪੁੱਤਰ ਅਤੇ ਪ੍ਰਧਾਨ ਅਕਾਲੀ ਦਲ ਸ.ਸੁਖਬੀਰ ਸਿੰਘ ਬਾਦਲ ਨੇ ਸ.ਬਾਦਲ ਦੀ ਮ੍ਰਿਤਕ ਦੇਹ ਨੂੰ ਅਗਨੀ ਭੇਟ ਕੀਤਾ। ਸ਼ੋਕ ਸਮਾਗਮ ਦੌਰਾਨ ਪੰਜਾਬ ਪੁਲਿਸ ਦੀ ਟੁਕੜੀ ਵਲੋਂ ਹਵਾਈ ਫਾਇਰ ਕਰਕੇ ਸਲਾਮੀ ਦਿੱਤੀ ਗਈ ਅਤੇ ਇਸ ਮੌਕੇ ਧਾਰਮਿਕ ਜੱਥੇ ਵਲੋਂ ਗੁਰਬਾਣੀ ਦੇ ਸਬਦ ਕੀਰਤਨ ਦੇ ਗਾਇਨ ਕੀਤੇ ਗਏ।

ਕੁਲਤਾਰ ਸਿੰਘ ਸੰਧਵਾ ਸਪੀਕਰ ਪੰਜਾਬ ਵਿਧਾਨ ਸਭਾ ਨੇ ਕਿਹਾ ਕਿ ਪੰਜਾਬ ਦੇ ਪੰਜ ਵਾਰ ਮੁੱਖ ਮੰਤਰੀ ਰਹੇ ਸਰਦਾਰ ਪ੍ਰਕਾਸ਼ ਸਿੰਘ ਬਾਦਲ ਦੇ ਸਸਕਾਰ ਸਮਾਰੋਹ 'ਚ ਸ਼ਿਰਕਤ ਕਰਕੇ ਪਰਿਵਾਰ ਦੇ ਦੁੱਖ ਦੀ ਘੜੀ 'ਚ ਸ਼ਰੀਕ ਹੋਏ, ਸਾਡੇ ਸੰਸਕਾਰ ਸਾਨੂੰ ਇਹ ਸਿੱਖਿਆ ਦਿੰਦੇ ਹਨ ਕਿ ਅੰਤਿਮ ਯਾਤਰਾ ਸਮੇਂ ਇਨਸਾਨ ਦੇ ਗੁਣਾਂ ਨੂੰ ਚਿਤਾਰਿਆ ਜਾਵੇ, ਮਿੱਠੀ ਬੋਲੀ,ਨਿਮ-ਰਤਾ, ਖੇਤਰੀ ਪਾਰਟੀ ਦੇ ਰੂਪ 'ਚ ਅਕਾਲੀ ਦਲ ਨੂੰ ਅਹਿਮ ਦਰਜਾ ਦਿਵਾਉਣ ਚ ਉਹਨਾਂ ਦਾ ਯੋਗਦਾਨ ਹਮੇਸ਼ਾ ਯਾਦ ਰੱਖਿਆ ਜਾਵੇਗਾ।

ਇਸ ਮੌਕੇ ਬਨਵਾਰੀ ਲਾਲ ਪਰੋਹਿਤ ਗਵਰਨਰ, ਸ.ਭਗਵੰਤ ਸਿੰਘ ਮਾਨ ਮੁੱਖ ਮੰਤਰੀ ਪੰਜਾਬ, ਅਮਨ ਅਰੋੜਾ ਅਤੇ ਡਾ.ਬਲਜੀਤ ਕੌਰ ਕੈਬਨਿਟ ਮੰਤਰੀ, ਸ.ਜਗਦੀਪ ਸਿੰਘ ਕਾਕਾ ਬਰਾੜ ਹਲਕਾ ਵਿਧਾਇਕ ਸ੍ਰੀ ਮੁਕਤਸਰ ਸਾਹਿਬ ਹਾਜ਼ਰ ਸਨ। ਇਹਨਾਂ ਤੋਂ ਇਲਾਵਾ ਭੁਪਿੰਦਰ ਸਿੰਘ ਹੁੱਡਾ ਸਾਬਕਾ ਮੁੱਖ ਮੰਤਰੀ ਹਰਿਆਣਾ, ਉਮਰ ਅਬਦੁਲਾ ਸਾਬਕਾ ਮੁੱਖ ਮੰਤਰੀ ਜੰਮੂ-ਕਸਮੀਰ, ਪਵਨ ਬਾਂਸਲ ਸਾਬਕਾ ਕੇਂਦਰੀ ਮੰਤਰੀ, ਸਰਦ ਪਵਾਰ ਸਾਬਕਾ ਮੁੱਖ ਮੰਤਰੀ ਮਹਾਰਾਸ਼ਟਰ, ਜੇ.ਪੀ.ਨੱਢਾ ਪ੍ਰਧਾਨ ਭਾਰਤੀ ਜਨਤਾ ਪਾਰਟੀ,ਦੁਸ਼ਯੰਤ ਚੌਟਾਲਾ ਉਪ ਮੁੱਖ ਮੰਤਰੀ ਹਰਿਆਣਾ, ਸ੍ਰੀਮਤੀ ਹਰਸਿਮਰਤ ਕੌਰ ਬਾਦਲ, ਬਿਕਰਮਜੀਤ ਸਿੰਘ ਮਜੀਠੀਆ, ਪ੍ਰੋਫੈਸਰ ਬੂਟਾ ਸਿੰਘ ਸਿੱਧੂ ਵਾਇਸ ਚਾਂਸਲਰ ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ, ਰਜਿਸਟਰਾਰ ਗੁਰਿੰਦਰਪਾਲ ਸਿੰਘ ਬਰਾੜ ਪੰਜਾਬ ਯੂਨੀਵਰਸਿਟੀ, ਵਿਨੀਤ ਕੁਮਾਰ ਡਿਪਟੀ ਕਮਿਸ਼ਨਰ, ਹਰਮਨਬੀਰ ਸਿੰਘ ਗਿੱਲ ਐਸ.ਐਸ.ਪੀ ਵੀ ਹਾਜ਼ਰ ਸਨ। ਧਾਰਮਿਕ ਆਗੂਆਂ ਵਿੱਚ ਗਿਆਨੀ ਹਰਪ੍ਰੀਤ ਸਿੰਘ ਜੱਥੇਦਾਰ ਅਕਾਲ ਤਖਤ, ਹੈਡ ਗ੍ਰੰਥੀ ਸ੍ਰੀ ਹਰਮੰਦਰ ਸਾਹਿਬ ਗਿਆਨੀ ਜਗਤਾਰ ਸਿੰਘ, ਹਰਮੀਤ ਸਿੰਘ ਕਾਲਕਾ ਪ੍ਰਧਾਨ ਡੀ.ਐਸ.ਜੀ.ਐਮ.ਸੀ. ਨੇ ਵੀ ਅੰਤਿਮ ਯਾਤਰਾ ਵਿੱਚ ਸ਼ਾਮਲ ਹੋ ਕੇ ਆਪਣੀ ਹਾਜ਼ਰੀ ਲਗਵਾਈ।

ਅੰਤਿਮ ਯਾਤਰਾ ਦੌਰਾਨ ਦਸ਼ਮੇਸ ਗਰਲਜ ਕਾਲਜ, ਦਸ਼ਮੇਸ ਬੀ ਐਡ ਕਾਲਜ, ਦਸਮੇਸ ਗਰਲਜ਼ ਸਕੂਲ ਦੇ ਸਟਾਫ ਮੈਂਬਰਾਂ ਤੇ ਵਿਦਿਆਰਥੀਆਂ ਤੋਂ ਇਲਾਵਾ ਮਹਾਰਾਜਾ ਰਣਜੀਤ ਸਿੰਘ ਕਾਲਜ ਦੇ ਸਟਾਫ ਤੇ ਬੱਚਿਆਂ ਨੇ ਫੁੱਲਾਂ ਦੀ ਵਰਖਾ ਕੀਤੀ। ਸਾਬਕਾ ਮੁੱਖ ਮੰਤਰੀ ਨੂੰ ਅੰਤਿਮ ਵਿਦਾਇਗੀ ਦੇਣ ਵਾਲਿਆਂ ਵਿਚ ਪੰਜਾਬ ਦੇ ਰਾਜਪਾਲ ਬਨਵਾਰੀ ਲਾਲ ਪਰੋਹਿਤ, ਮੁੱਖ ਮੰਤਰੀ ਭਗਵੰਤ ਸਿੰਘ ਮਾਨ, ਰਾਜਸਥਾਨ ਦੇ ਮੁੱਖ ਮੰਤਰੀ ਅਸ਼ੋਕ ਗਹਿਲੋਤ, ਡਾ: ਬਰਜਿੰਦਰ ਸਿੰਘ ਹਮਦਰਦ, ਕੈਬਨਿਟ ਮੰਤਰੀ ਪੰਜਾਬ ਡਾ: ਬਲਜੀਤ ਕੌਰ, ਕੈਬਨਿਟ ਮੰਤਰੀ ਅਮਨ ਅਰੋੜਾ, ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ, ਕੇਂਦਰੀ ਮੰਤਰੀ ਸੋਮ ਪ੍ਰਕਾਸ, ਹਰਦੀਪ ਸਿੰਘ ਪੁਰੀ ਕੇਂਦਰੀ ਮੰਤਰੀ, ਜੇ.ਪੀ.ਨੱਢਾ ਭਾਜਪਾ ਦੇ ਰਾਸ਼ਟਰੀ ਪ੍ਰਧਾਨ, ਹਰਿਆਣਾ ਦੇ ਉਪ ਮੁੱਖ ਮੰਤਰੀ ਦੁਸਯੰਤ ਚੌਟਾਲਾ, ਹਰਿਆਣਾ ਦੇ ਸਾਬਕਾ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ, ਜੰਮੂ-ਕਸ਼ਮੀਰ ਦੇ ਸਾਬਕਾ ਮੁੱਖ ਮੰਤਰੀ ਉਮਰ ਅਬਦੁੱਲਾ,ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ, ਸੁਖਜਿੰਦਰ ਸਿੰਘ ਰੰਧਾਵਾ ਸਾਬਕਾ ਮੰਤਰੀ, ਸੰਸਦ ਮੈਂਬਰ ਦੁਪਿੰਦਰ ਸਿੰਘ ਹੁੱਡਾ, ਹਰਿਆਣਾ ਦੇ ਕੈਬਨਿਟ ਮੰਤਰੀ ਚੌਧਰੀ ਰਣਜੀਤ ਸਿੰਘ, ਰਾਜ ਸਭਾ ਮੈਂਬਰ ਬਲਵੀਰ ਸਿੰਘ ਸੀਚੇਵਾਲ, ਮਨੋਰੰਜਨ ਕਾਲੀਆ, ਪ੍ਰੇਮ ਸਿੰਘ ਚੰਦੂ ਮਾਜਰਾ, ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ, ਸਾਬਕਾ ਪ ਪ੍ਰਧਾਨ ਐਸਜੀਪੀਸੀ, ਗੋਬਿੰਦ ਸਿੰਘ ਲੌਂਗੋਵਾਲ, ਸਾਬਕਾ ਪ੍ਰਧਾਨ ਐਸਜੀਪੀਸੀ, ਬੀਬੀ ਜੰਗੀਰ ਕੌਰ, ਸਾਬਕਾ ਮੰਤਰੀ ਪਰਮਿੰਦਰ ਸਿੰਘ ਢੀਂਡਸਾ, ਸਾਬਕਾ ਮੰਤਰੀ, ਵਿਧਾਇਕ ਮਨਪ੍ਰੀਤ ਸਿੰਘ ਇਆਲੀ, ਸਾਬਕਾ ਵਿਧਾਇਕ ਮੋਹਨ ਲਾਲ , ਐਸ ਜੀ ਪੀ ਸੀ ਦੇ ਜਰਨਲ ਸਕੱਤਰ ਗੁਰਚਰਨ ਸਿੰਘ ਗਰੇਵਾਲ, ਸਾਬਕਾ ਮੰਤਰੀ ਵਿਜੇ ਸਾਂਪਲਾ, ਸਾਬਕਾ ਅਕਾਲੀ ਵਿਧਾਇਕ ਸੁਰਜੀਤ ਸਿੰਘ ਰੱਖੜਾ , ਬਹੁਜਨ ਸਮਾਜ ਪਾਰਟੀ ਦੇ ਪ੍ਰਧਾਨ ਡਾ: ਜਸਵੀਰ ਸਿੰਘ ਗੜ੍ਹੀ, ਮਨਜਿੰਦਰ ਸਿੰਘ ਸਿਰਸਾ, ਪਰਮਜੀਤ ਸਿੰਘ ਸ਼ਰਨਾ ਸਾਬਕਾ ਪ੍ਰਧਾਨ ਐਸਜੀਪੀਸੀ ਦਿੱਲੀ, ਹਰਮੀਤ ਸਿੰਘ ਕਾਲੇਕੇ ਤੋਂ ਇਲਾਵਾ ਅਕਾਲੀ ਲੀਡਰਸ਼ਿਪ ਵਿਚ ਡਾ ਦਲਜੀਤ ਸਿੰਘ ਚੀਮਾ, ਬਲਵਿੰ-ਦਰ ਸਿੰਘ ਭੂੰਦੜ, ਬਿਕਰਮਜੀਤ ਸਿੰਘ ਮਜੀਠੀਆ,ਸ਼ਰਨਜੀਤ ਸਿੰਘ ਢਿੱਲੋਂ, ਸਿਕੰਦਰ ਸਿੰਘ ਮਲੂਕਾ, ਜਨਮੇਜਾ ਸਿੰਘ ਸੇਖੋਂ, ਪ੍ਰੇਮ ਸਿੰਘ ਚੰਦੂਮਾਜਰਾ ਅਤੇ ਤੇਜਿੰਦਰ ਸਿੰਘ ਮਿੱਡੂਖੇੜਾ ਤੋਂ ਇਲਾਵਾ ਹੋਰ ਵੀ ਸਿਆਸੀ, ਧਾਰਮਿਕ ਤੇ ਸਮਾਜਿਕ ਆਗੂ ਸ਼ਾਮਲ ਸਨ।




## ਪ੍ਰਕਾਸ਼ ਸਿੰਘ ਬਾਦਲ ਦੇ ਜੀਵਨ 'ਤੇ ਇੱਕ ਝਲਕ

ਸ਼੍ਰੋਮਣੀ ਅਕਾਲੀ ਦਲ ਦੇ ਸਰਪ੍ਰਸਤ ਅਤੇ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ 95 ਸਾਲ ਦੀ ਉਮਰ ਵਿੱਚ ਦਿਹਾਂਤ ਹੋ ਗਿਆ। ਪ੍ਰਕਾਸ਼ ਸਿੰਘ ਬਾਦਲ ਨੂੰ ਮੋਹਾਲੀ ਦੇ ਫੋਰਟਿਸ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਸੀ, ਉਨ੍ਹਾਂ ਦੀ ਹਾਲਤ ਕਾਫੀ ਨਾਜ਼ੁਕ ਸੀ ਅਤੇ ਆਈ.ਸੀ. ਯੂ ਵਿਚ ਰੱਖਿਆ ਗਿਆ ਸੀ।

ਕੁਝ ਦਿਨ ਪਹਿਲਾਂ ਪ੍ਰਕਾਸ਼ ਸਿੰਘ ਨੇ ਬਾਦਲ ਨੂੰ ਸਾਹ ਲੈਣ ਵਿੱਚ ਤਕਲੀਫ ਅਤੇ ਲੰਗਸ ਵਿੱਚ ਇਨਫੈਕਸ਼ਨ ਦੇ ਚੱਲਦੇ ਫੋਰਟਿਸ ਹਸਪਤਾਲ ਵਿੱਚ ਜ਼ੇਰੇ ਇਲਾਜ ਸਨ, ਉਨ੍ਹਾਂ ਦੀ ਹਾਲਤ ਲਗਾਤਾਰ ਵਿਗੜ ਰਹੀ ਸੀ। ਜਿਸਦੇ ਚੱਲਦਿਆਂ ਉਨ੍ਹਾਂ ਨੂੰ ਆਈ.ਸੀ. ਯੂ ਵਿੱਚ ਸ਼ਿਫਟ ਕਰ ਦਿੱਤਾ ਗਿਆ ਸੀ।

ਭਾਰਤ ਦੀ ਸਿਆਸਤ ਵਿੱਚ ਪ੍ਰਕਾਸ਼ ਸਿੰਘ ਬਾਦਲ ਦੇ ਵੱਡੇ ਕੱਦ ਵਾਲੇ ਖੇਤਰੀ ਆਗੂਆਂ ਵਿੱਚ ਸ਼ੁਮਾਰ ਸਨ। ਪ੍ਰਕਾਸ਼ ਸਿੰਘ ਬਾਦਲ ਪੰਜਾਬ ਦੇ 5 ਵਾਰ ਮੁੱਖ ਮੰਤਰੀ ਰਹੇ ਅਤੇ 1996 ਤੋਂ 2008 ਤੱਕ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਵਜੋਂ ਪਾਰਟੀ ਦੀ ਅਗਵਾਈ ਦੀ ਕੀਤੀ . 1970 ਵਿੱਚ ਪ੍ਰਕਾਸ਼ ਸਿੰਘ ਬਾਦਲ 43 ਸਾਲ ਦੀ ਉਮਰ ਵਿੱਚ ਪਹਿਲੀ ਵਾਰ ਕਿਸੇ ਭਾਰਤੀ ਸੂਬੇ ਦੇ ਮੁੱਖ ਮੰਤਰੀ ਬਣਨ ਵਾਲੇ ਸਭ ਤੋਂ ਛੋਟੀ ਉਮਰ ਦੇ ਆਗੂ ਸਨ।

ਇਸਦੇ ਨਾਲ ਹੀ 1979 ਤੋਂ 1980 ਦੌਰਾਨ ਉਹ ਕੇਂਦਰ ਵਿੱਚ ਚੌਧਰੀ ਚਰਨ ਸਿੰਘ ਦੀ ਅਗਵਾਈ ਵਾਲੀ ਸਰਕਾਰ ਵਿੱਚ ਖੇਤੀਬਾੜੀ ਮੰਤਰੀ ਬਣਾਇਆ ਗਿਆ, ਪਰ ਇਸਤੋਂ ਬਾਅਦ ਉਨ੍ਹਾਂ ਪੂਰਾ



ਧਿਆਨ ਪੰਜਾਬ ਦੀ ਸਿਆਸਤ ਉੱਤੇ ਕ੍ਰੇਂਦਿਤ ਕੀਤਾ। ਇਸਤੋਂ ਬਾਅਦ ਪ੍ਰਕਾਸ਼ ਸਿੰਘ ਬਾਦਲ ਭਾਜਪਾ ਨਾਲ ਗਠਜੋੜ ਕਰਕੇ ਸੱਤਾ ਹਾਸਲ ਕੀਤੀ। ਵਿਰੋਧੀ ਪਾਰਟੀਆਂ ਵੀ ਉਨ੍ਹਾਂ ਦੀ ਠਰ੍ਹਮੇ ਤੇ ਗਹਿਰਾਈ ਵਾਲੀ ਸਿਆਸਤ ਦੇ ਕਾਇਲ ਸਨ।

ਪ੍ਰਕਾਸ਼ ਸਿੰਘ ਬਾਦਲ ਦਾ ਜਨਮ ਪੰਜਾਬ ਦੇ ਬਠਿੰਡਾ ਜ਼ਿਲ੍ਹੇ ਦੇ ਪਿੰਡ ਅਬੁਲ-ਖੁਰਾਣਾ ਵਿੱਚ 8 ਦਸੰਬਰ 1927 ਨੂੰ ਹੋਇਆ ਸੀ। ਉਨ੍ਹਾਂ ਦੀ ਮਾਤਾ ਦਾ ਨਾਂ ਸੁੰਦਰੀ ਕੌਰ ਅਤੇ ਪਿਤਾ ਦਾ ਨਾਂ ਰਘੂਰਾਜ ਸਿੰਘ ਸੀ। ਪ੍ਰਕਾਸ਼ ਸਿੰਘ ਬਾਦਲ ਨੇ ਆਪਣੀ ਮੁੱਢਲੀ ਸਿੱਖਿਆ ਸਥਾਨਕ ਅਧਿਆਪਕ ਤੋਂ ਪ੍ਰਾਪਤ ਕੀਤੀ ਅਤੇਇਸਤੋਂ ਬਾਅਦ ਲੰਬੀ ਦੇ ਸਕੂਲ ਵਿੱਚ ਪੜਾਈ ਕੀਤੀ ਅਤੇ ਹਾਈ ਸਕੂਲ ਦੀ ਪੜ੍ਹਾਈ ਫਿਰੋਜ਼ਪੁਰ ਦੇ ਮਨੋਹਰ ਲਾਲ ਮੈਮੋਰੀਅਲ ਹਾਈ ਸਕੂਲ ਵਿੱਚ ਕੀਤੀ।

ਉਨ੍ਹਾਂ ਨੇ ਕਾਲਜ ਦੀ ਪੜ੍ਹਾਈ ਸਿੱਖ ਕਾਲਜ ਲਾਹੌਰ ਤੋਂ ਪ੍ਰਾਪਤ ਕੀਤੀ, ਇਸਤੋਂ ਬਾਅਦ ਪ੍ਰਕਾਸ਼ ਸਿੰਘ ਬਾਦਲ ਨੇ ਮਾਈਗ੍ਰੇਸ਼ਨ ਲੈ ਕੇ ਫੋਰਮਨ ਕ੍ਰਿਸ਼ਚੀਅਨ ਕਾਲਜ ਵਿਚ ਦਾਖਲਾ ਲਿਆ ਅਤੇ ਗਰੈਜੂਏਸ਼ਨ ਦੀ ਡਿਗਰੀ ਹਾਸਲ ਕੀਤੀ।

### 8 ਦਸੰਬਰ, 1927-25 ਅਪ੍ਰੈਲ, 2023

ਪ੍ਰਕਾਸ਼ ਸਿੰਘ ਬਾਦਲ ਨੇ ਆਪਣਾ ਸਿਆਸੀ ਸਫ਼ਰ 1947 ਤੋਂ ਸ਼ੁਰੂ ਹੋਇਆ । ਪ੍ਰਕਾਸ਼ ਸਿੰਘ ਬਾਦਲ ਆਪਣੇ ਪਿਤਾ ਰਘੂਰਾਜ ਸਿੰਘ ਵਾਂਗ ਬਾਦਲ ਪਿੰਡ ਦੇ ਸਰਪੰਚ ਬਣੇ ਅਤੇ ਬਾਅਦ ਵਿੱਚ ਉਨ੍ਹਾਂ ਨੂੰ ਲੰਬੀ ਬਲਾਕ ਸਮਿਤੀ ਦੇ ਚੇਅਰਮੈਨ ਵਜੋਂ ਨਿਯੁਕਤ ਕੀਤਾ ਗਿਆ ਸੀ . ਇਸਦੇ ਨਾਲ ਹੀ 1956 ਵਿੱਚ ਪੈਪਸੂ ਸਟੇਟ ਪੰਜਾਬ ਵਿੱਚ ਸ਼ਾਮਲ ਹੋਈ ਤਾਂ ਕਾਂਗਰਸ ਅਤੇ ਸ਼੍ਰੋਮਣੀ ਅਕਾਲੀ ਦਲ ਨੇ ਮਿਲ ਕੇ ਚੋਣਾਂ ਲੜੀਆਂ।

ਪ੍ਰਕਾਸ਼ ਸਿੰਘ ਬਾਦਲ 1957 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਦੌਰਾਨ ਕਾਂਗਰਸ ਦੀ ਟਿਕਟ 'ਤੇ ਚੋਣ ਲੜੀ ਅਤੇ ਪਹਿਲੀ ਵਾਰ ਵਿਧਾਇਕ ਚੁਣੇ ਗਏ । 1997 ਵਿੱਚ ਮੁਲਕ ਦੀਆਂ ਖੇਤਰੀ ਪਾਰਟੀਆਂ ਨੇ ਕਾਂਗਰਸ ਦਾ ਸਮਰਥਨ ਲੈ ਕੇ ਐਚ. ਡੀ. ਦੇਵਗੋੜਾ ਦੀ ਅਗਵਾਈ ਵਿੱਚ ਸਰਕਾਰ ਬਣਾਈ ਤਾਂ ਪ੍ਰਕਾਸ਼ ਸਿੰਘ ਬਾਦਲ ਭਾਰਤੀ ਜਨਤਾ ਪਾਰਟੀ ਦੀ ਅਗਵਾਈ ਵਾਲੇ ਐੱਨਡੀਏ ਦੇ ਹੱਕ ਵਿੱਚ ਭੁਗਤ ਗਏ।

ਪ੍ਰਕਾਸ਼ ਸਿੰਘ ਬਾਦਲ ਪੰਜਾਬੀ ਸੂਬੇ ਮੋਰਚੇ ਤੋਂ ਲੈ ਕੇ ਧਰਮਯੁੱਧ ਮੋਰਚੇ ਤੱਕ ਅਤੇ ਪੰਜਾਬ ਵਿੱਚ ਸੱਤਾ ਦੀ ਲੜਾਈ ਲਈ ਉਨ੍ਹਾਂ ਨੂੰ ਹਮੇਸ਼ਾ ਕਾਂਗਰਸ ਨਾਲ ਟੱਕਰ ਲੈਣੀ ਪਈ। ਉਨ੍ਹਾਂ ਨੇ 1969-70 ਦੀਆਂ ਮੱਧਵਰਤੀ ਚੋਣਾਂ ਅਕਾਲੀ ਦਲ ਦੀ ਟਿਕਟ 'ਤੇ ਲੜੀਆਂ ਅਤੇ ਉਹ ਪਹਿਲੀ ਵਾਰ ਬਣੀ ਪੰਜਾਬ ਦੀ ਗੈਰ-ਕਾਂਗਰਸੀ ਸਰਕਾਰ ਵਿੱਚ ਮੰਤਰੀ ਬਣੇ।

ਇਸਤੋਂ ਬਾਅਦ ਭਾਰਤੀ ਜਨਤਾ ਪਾਰਟੀ ਦੇ ਸਹਿਯੋਗ ਨਾਲ ਜਸਟਿਸ ਗੁਰਨਾਮ ਸਿੰਘ ਦੀ ਸਰਕਾਰ ਵਿੱਚ ਵੀ ਪ੍ਰਕਾਸ਼ ਸਿੰਘ ਬਾਦਲ ਵਿਕਾਸ ਵਿਭਾਗ ਦੇ ਮੰਤਰੀ ਰਹੇ ।1970 ਵਿੱਚ ਹੀ ਰਾਜ ਸਭਾ ਚੋਣਾਂ ਦੌਰਾਨ ਅਕਾਲੀ ਉਮੀਦਵਾਰ ਦੀ ਹਾਰ ਕਾਰਨ ਤਤਕਾਲੀ ਅਕਾਲੀ ਦਲ ਦੇ ਪ੍ਰਧਾਨ ਸੰਤ ਫਤਿਹ ਸਿੰਘ ਨੇ ਜਸਟਿਸ ਗੁਰਨਾਮ ਸਿੰਘ ਨੂੰ ਅਹੁਦੇ ਤੋਂ ਹਟਾ ਕੇ ਪ੍ਰਕਾਸ਼ ਸਿੰਘ ਬਾਦਲ ਨੂੰ ਮੁੱਖ ਮੰਤਰੀ ਬਣਾਇਆ ਗਿਆ . ਇਸ ਤੋਂ ਬਾਅਦ 1969 ਤੋਂ ਲੈ ਕੇ ਮੌਜੂਦਾ ਸਮੇਂ ਤੱਕ ਉਹ ਲੰਬੀ ਤੋਂ ਕਦੇ ਵੀ ਚੋਣ ਨਹੀਂ ਹਾਰੇ ਸਨ, ਪਰ 2022 ਵਿੱਚ ਉਨ੍ਹਾਂ ਨੂੰ ਲੰਬੀ ਤੋਂ ਹਾਰ ਮਿਲੀ . ਜਿੱਥੇ ਆਮ ਆਦਮੀ ਪਾਰਟੀ ਨੇ ਜਿੱਤ ਦਰਜ ਕੀਤੀ।

1977 ਦੀਆਂ ਚੋਣਾਂ ਵਿੱਚ ਸ਼੍ਰੋਮਣੀ ਅਕਾਲੀ ਦਲ ਅਤੇ ਜਨਤਾ ਪਾਰਟੀ ਨੇ ਮਿਲ ਕੇ ਸਰਕਾਰ ਬਣਾਈ ਅਤੇ ਪ੍ਰਕਾਸ਼ ਸਿੰਘ ਬਾਦਲ ਦੂਜੀ ਵਾਰ ਪੰਜਾਬ ਦੇ ਮੁੱਖ ਮੰਤਰੀ ਬਣੇ। ਇਸ ਵਾਰ ਪ੍ਰਕਾਸ਼ ਸਿੰਘ ਬਾਦਲ 1977 ਤੋਂ 1980 ਤੱਕ ਸੱਤਾ 'ਤੇ ਕਾਬਜ ਰਹੇ। ਇਸਦੇ ਨਾਲ ਹੀ 1997 ਤੋਂ 2002 ਤੱਕ ਤੀਜੀ ਵਾਰ ਪੰਜਾਬ ਦੇ ਮੁੱਖ ਮੰਤਰੀ ਬਣੇ ਅਤੇ ਪਹਿਲੀ ਵਾਰ 5 ਸਾਲ ਸੂਬੇ 'ਤੇ ਰਾਜ ਕੀਤਾ। ਇਸਤੋਂ ਬਾਅਦ ਪ੍ਰਕਾਸ਼ ਸਿੰਘ ਬਾਦਲ ਨੇ 2007-2012 ਅਤੇ 2012 ਤੋਂ 2017 ਵਿੱਚ ਲਗਾਤਾਰ ਦੋ ਵਾਰ ਮੁੱਖ ਮੰਤਰੀ ਬਣ ਕੇ ਪੰਜਾਬ ਦਾ ਨਵਾਂ ਸਿਆਸੀ ਰਿਕਾਰਡ ਬਣਾਇਆ।

## ਪਹਿਲਾਂ ਸਰਕਾਰੀ ਨੌਕਰੀ 'ਦੂਰ ਦਾ ਸੁਪਨਾ' ਸੀ ਪਰ ਅਸੀਂ ਇੱਕ ਸਾਲ ਵਿੱਚ ਨੌਜਵਾਨਾਂ ਨੂੰ 28873 ਨੌਕਰੀਆਂ ਦਿੱਤੀਆਂ : ਮੁੱਖ ਮੰਤਰੀ

ਚੰਡੀਗੜ੍ਹ, 27 ਅਪ੍ਰੈਲ (ਗਿਆਨ ਸਿੰਘ): ਬੀਤੇ ਦਿਨੀਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਆਖਿਆ ਕਿ ਮੇਰੀ ਇਮਾਨਦਾਰ ਤੇ ਸੰਜੀਦਾ ਸਰਕਾਰ ਨੇ ਇਕ ਸਾਲ ਵਿੱਚ ਹੀ ਨੌਜਵਾਨਾਂ ਨੂੰ 28,873 ਨੌਕਰੀਆਂ ਦਿੱਤੀਆਂ, ਜਦੋਂ ਕਿ ਕਾਂਗਰਸ ਸਰਕਾਰ ਨੇ ਆਪਣੇ ਪਹਿਲੇ ਸਾਲ ਵਿੱਚ ਲਗਭਗ ਅੱਠ ਹਜ਼ਾਰ ਨੌਕਰੀਆਂ ਦਿੱਤੀਆਂ ਸਨ।

ਸਥਾਨਕ ਸਰਕਾਰਾਂ, ਲੋਕ ਨਿਰਮਾਣ ਵਿਭਾਗ (ਪੀ.ਡਬਲਯੂ.ਡੀ.), ਤਕਨੀਕੀ ਸਿੱਖਿਆ ਤੇ ਆਮ ਰਾਜ ਪ੍ਰਬੰਧ ਵਿਭਾਗ ਵਿੱਚ ਨਵੇਂ ਭਰਤੀ 409 ਸਬ ਡਿਵੀਜ਼ਨਲ ਅਫ਼ਸਰਾਂ (ਐਸ.ਡੀ.ਓਜ਼.), ਕਲਰਕਾਂ, ਜੂਨੀਅਰ ਡਰਾਫਟਸਮੈਨਾਂ ਅਤੇ ਹੋਰਾਂ ਨੂੰ ਨਿਯੁਕਤੀ ਪੱਤਰ ਦੇਣ ਲਈ ਇੱਥੇ ਮਿਊਂਸਿਪਲ ਭਵਨ ਵਿੱਚ ਕਰਵਾਏ ਸਮਾਰੋਹ ਦੌਰਾਨ ਇਕੱਠ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਪਹਿਲਾਂ ਸਰਕਾਰੀ ਨੌਕਰੀਆਂ ਦੂਰ ਦਾ ਸੁਫਨਾ ਸਨ, ਜਦੋਂ ਕਿ ਸਾਡੀ ਸਰਕਾਰ ਨੇ ਇਹ ਗੱਲ ਯਕੀਨੀ ਬਣਾਈ ਕਿ ਨੌਜਵਾਨਾਂ ਨੂੰ ਮੈਰਿਟ ਦੇ ਆਧਾਰ ਉਤੇ ਨੌਕਰੀਆਂ ਮਿਲਣ, ਜਿਸ ਲਈ ਇਕ ਪਾਰਦਰਸ਼ੀ ਢਾਂਚਾ ਬਣਾਇਆ ਗਿਆ ਹੈ। ਉਨ੍ਹਾਂ ਕਿਹਾ ਕਿ ਪਿਛਲੀ ਸਰਕਾਰ ਵਿੱਚ ਉਤਸ਼ਾਹ ਤੇ ਸਮਰਪਣ ਨਾਲ ਜਨਤਾ ਦੀ ਸੇਵਾ ਦੀ ਭਾਵਨਾ ਦੀ ਘਾਟ ਸੀ, ਜਿਸ ਕਾਰਨ ਇਹ ਨੌਕਰੀਆਂ ਨੌਜਵਾਨਾਂ ਤੋਂ ਦੂਰ ਸਨ। ਭਗਵੰਤ ਮਾਨ ਨੇ ਕਿਹਾ ਕਿ ਸਾਡੀ ਸਰਕਾਰ ਬਣਨ ਦੇ ਇਕ ਸਾਲ ਦੇ ਅੰਦਰ ਹੀ ਉਨ੍ਹਾਂ ਮੈਰਿਟ ਦੇ ਆਧਾਰ ਉਤੇ ਯੋਗ ਨੌਜਵਾਨਾਂ ਨੂੰ 28,873 ਨੌਕਰੀਆਂ ਦਿੱਤੀਆਂ ਹਨ।

ਨੌਜਵਾਨਾਂ ਨਾਲ ਗੱਲਬਾਤ ਕਰਦਿਆਂ ਮੁੱਖ ਮੰਤਰੀ ਨੇ ਆਖਿਆ ਕਿ ਉਹ 'ਡਿਊਟੀ ਨੂੰ ਫ਼ਰਜ਼' ਸਮਝਣ ਅਤੇ ਇਸ ਨੂੰ ਪੂਰੀ ਲਗਨ, ਸਮਰਪਣ ਤੇ ਮਿਹਨਤ ਨਾਲ ਨਿਭਾਉਣ। ਨੌਕਰੀਆਂ ਹਾਸਲ ਕਰ ਕੇ ਸੂਬਾ ਸਰਕਾਰ ਵਿੱਚ ਨਵੇਂ ਭਰਤੀ ਹੋਏ ਮੁਲਾਜ਼ਮਾਂ ਨੂੰ ਮੁਬਾਰਕਬਾਦ ਦਿੰਦਿਆਂ ਉਨ੍ਹਾਂ ਕਿਹਾ ਕਿ ਇਹ ਉਨ੍ਹਾਂ ਲਈ ਇਕ ਇਤਿਹਾਸਕ ਦਿਨ ਹੈ ਕਿਉਂਕਿ ਉਹ ਹੁਣ ਸੂਬਾ ਸਰਕਾਰ ਦੇ ਪਰਿਵਾਰ ਦੇ ਨਵੇਂ ਮੈਂਬਰ ਬਣੇ ਹਨ। ਭਗਵੰਤ ਮਾਨ ਨੇ ਕਿਹਾ ਕਿ ਜੇ ਇਹ ਨੌਜਵਾਨ ਸੂਬੇ ਦੀ ਪੁਰਾਤਨ ਸ਼ਾਨ ਬਹਾਲ ਕਰਨ ਵਾਲੀ ਮੁਹਿੰਮ ਦਾ ਹਿੱਸਾ ਬਣਨਗੇ ਤਾਂ ਇਤਿਹਾਸ ਵਿੱਚ ਉਨ੍ਹਾਂ ਦਾ ਨਾਮ ਸੁਨਹਿਰੀ ਅੱਖਰਾਂ ਵਿੱਚ ਲਿਖਿਆ ਜਾਵੇਗਾ।



## ਗੁਜਰਾਤ ਏਟੀਐਸ ਨੇ ਲਾਰੈਂਸ ਬਿਸ਼ਨੋਈ ਦੀ ਲਈ ਕਸਟਡੀ, ਨਲੀਆ ਅਦਾਲਤ 'ਚ ਕੀਤਾ ਜਾਵੇਗਾ ਪੇਸ਼



ਗਾਂਧੀਨਗਰ, 27 ਅਪ੍ਰੈਲ (ਪੋਸਟ ਬਿਊਰੋ): ਗੁਜਰਾਤ ਏਟੀਐਸ ਨੇ ਪਟਿਆਲਾ ਹਾਊਸ ਕੋਰਟ ਤੋਂ ਗੈਂਗਸਟਰ ਲਾਰੈਂਸ ਬਿਸ਼ਨੋਈ ਦੀ ਕਸਟਡੀ ਲੈ ਲਈ। ਏਟੀਐਸ ਨੇ 2022 ਵਿੱਚ ਵੱਡੀ ਮਾਤਰਾ ਵਿੱਚ 500 ਕਰੋੜ ਰੁਪਏ ਦੀ ਹੈਰੋਇਨ ਬਰਾਮਦ ਕੀਤੀ ਸੀ ਅਤੇ 6 ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਸੀ। ਨਸ਼ਿਆਂ ਦੇ ਇਸ ਮਾਮਲੇ ਵਿੱਚ ਪਾਕਿਸਤਾਨੀ ਕੁਨੈਕਸ਼ਨ ਵੀ ਸਾਹਮਣੇ ਆਇਆ ਸੀ।

ਇਸ ਮਾਮਲੇ ਵਿੱਚ ਗੁਜਰਾਤ ਏਟੀਐਸ ਲਾਰੈਂਸ ਬਿਸ਼ਨੋਈ ਤੋਂ ਪੁੱਛਗਿੱਛ ਕਰਨਾ ਚਾਹੁੰਦੀ ਹੈ, ਜਿਸ ਲਈ ਏਟੀਐਸ ਨੇ ਉਸ ਦਾ ਟਰਾਂਜ਼ਿਟ ਰਿਮਾਂਡ ਲਿਆ ਹੈ। ਗੁਜਰਾਤ ਏਟੀਐਸ ਲਾਰੈਂਸ ਬਿਸ਼ਨੋਈ ਨੂੰ ਮੰਗਲਵਾਰ ਸਵੇਰੇ ਕੱਚੀ ਨਲੀਆ ਅਦਾਲਤ ਵਿੱਚ ਪੇਸ਼ ਕਰਕੇ ਰਿਮਾਂਡ ਲਵੇਗੀ।

ਦੱਸ ਦਈਏ ਕਿ ਇਸ ਤੋਂ ਇਕ ਹਫਤਾ ਪਹਿਲਾਂ ਏਟੀਐਸ ਨੇ ਲਾਰੈਂਸ ਬਿਸ਼ਨੋਈ ਨੂੰ 7 ਦਿਨਾਂ ਦੇ ਰਿਮਾਂਡ 'ਤੇ ਲਿਆ ਸੀ। ਪਟਿਆਲਾ ਹਾਊਸ ਕੋਰਟ ਨੇ ਇਹ ਰਿਮਾਂਡ ਦਿੱਤਾ ਸੀ। ਨੈਸ਼ਨਲ ਇਨਵੈਸਟੀਗੇਸ਼ਨ ਏਜੰਸੀ ਭਾਵ ਐਨਆਈਏ ਨੇ ਪਿਛਲੇ ਸਾਲ ਦਸੰਬਰ ਵਿੱਚ ਕੇਸ ਦਰਜ ਕੀਤਾ ਸੀ ਜਿਸ ਦੀ ਜਾਂਚ ਲਈ ਗੈਂਗਸਟਰ ਲਾਰੈਂਸ ਬਿਸ਼ਨੋਈ ਦਾ ਰਿਮਾਂਡ ਮੰਗਿਆ ਗਿਆ ਸੀ। ਐਨਆਈਏ ਐਫਆਈਆਰ ਵੇਰਵੇ ਦਿੰਦੀ ਹੈ ਕਿ ਕਿਵੇਂ ਅੱਤਵਾਦੀ ਸੰਗਠਨ ਅੰਤਰਰਾਸ਼ਟਰੀ ਅਤੇ ਅੰਤਰ-ਰਾਜੀ ਸਰਹੱਦਾਂ ਰਾਹੀਂ ਹਥਿਆਰਾਂ ਅਤੇ ਗੋਲਾ ਬਾਰੂਦ ਦੀ ਤਸਕਰੀ ਕਰਨ ਲਈ ਸੰਗਠਿਤ ਅਪਰਾਧ ਸਿੰਡੀਕੇਟ ਦੀ ਵਰਤੋਂ ਕਰ ਰਹੇ ਹਨ।

# ਛਤਰਪੁਰ 'ਚ ਨਬਾਲਿਗਾ ਨਾਲ ਗੈਂਗਰੇਪ ਦੇ ਦੋਸ਼ ਵਿਚ ਪੁਲਸ ਮੁਲਾਜ਼ਮ ਸਮੇਤ 9 ਲੋਕਾਂ ਖਿਲਾਫ ਮਾਮਲਾ ਦਰਜ

ਛਤਰਪੁਰ, 27 ਅਪ੍ਰੈਲ (ਪੋਸਟ ਬਿਊਰੋ): ਮੱਧ ਪ੍ਰਦੇਸ਼ ਦੇ ਛਤਰਪੁਰ ਜ਼ਿਲੇ 'ਚ 18 ਸਾਲਾ ਲੜਕੀ ਨਾਲ ਸਮੂਹਿਕ ਬਲਾਤਕਾਰ ਦਾ ਮਾਮਲਾ ਸਾਹਮਣੇ ਆਇਆ ਹੈ। ਪੁਲਿਸ ਅਨੁਸਾਰ ਛਤਰਪੁਰ ਸਰਹੱਦ ਨਾਲ ਲੱਗਦੇ ਉੱਤਰ ਪ੍ਰਦੇਸ਼ ਦੀ ਸਰਹੱਦ 'ਤੇ ਲੜਕੀ ਨਗਨਨ ਹਾਲਤ 'ਚ ਬੇਹੋਸ਼ੀ ਦੀ ਹਾਲਤ 'ਚ ਮਿਲੀ। ਇਲਾਜ ਮਗਰੋਂ ਉਸ ਨੇ ਪੁਲੀਸ ਕੋਲ ਬਿਆਨ ਦਰਜ ਕਰਵਾਏ। ਲੜਕੀ ਦੇ ਬਿਆਨਾਂ ਦੇ ਆਧਾਰ 'ਤੇ ਪੁਲਸ ਨੇ 9 ਲੋਕਾਂ ਖਿਲਾਫ ਅਗਵਾ ਕਰਨ ਅਤੇ ਗੈਂਗਰੇਪ ਦੀਆਂ ਧਾਰਾਵਾਂ ਤਹਿਤ ਮਾਮਲਾ ਦਰਜ ਕਰ ਲਿਆ ਹੈ। ਇਨ੍ਹਾਂ ਮੁਲਜ਼ਮਾਂ ਵਿੱਚੋਂ ਇੱਕ ਛਤਰਪੁਰ ਪੁਲਸ ਦਾ ਸਿਪਾਹੀ ਹੈ।

ਦਰਅਸਲ ਮੱਧ ਪ੍ਰਦੇਸ਼ ਦੇ ਛਤਰਪੁਰ ਜ਼ਿਲੇ ਅਤੇ ਉੱਤਰ ਪ੍ਰਦੇਸ਼ ਦੇ ਮਹੋਬਾ ਜ਼ਿਲੇ ਦੀ ਸੀਮਾ 'ਤੇ ਬੁੱਧਵਾਰ ਨੂੰ ਇਕ 18 ਸਾਲ ਦੀ ਲੜਕੀ ਬੇਹੋਸ਼ੀ ਦੀ ਹਾਲਤ 'ਚ ਮਿਲੀ। ਮਹੋਬਾ ਪੁਲਸ ਨੇ ਲੜਕੀ ਨੂੰ ਇਲਾਜ ਲਈ ਜ਼ਿਲਾ ਹਸਪਤਾਲ ਭੇਜ ਦਿੱਤਾ ਹੈ। ਵੀਰਵਾਰ ਨੂੰ ਉਸ ਨੂੰ ਹੋਸ਼



ਆਇਆ। ਲੜਕੀ ਨੇ ਪੁਲਸ ਨੂੰ ਦਿੱਤੇ ਆਪਣੇ ਬਿਆਨ 'ਚ ਕਿਹਾ ਕਿ ਉਸ ਨਾਲ ਸਮੂਹਿਕ ਬਲਾਤਕਾਰ ਕੀਤਾ ਗਿਆ ਸੀ। ਲੜਕੀ ਨੇ ਪੁਲਿਸ ਕਾਂਸਟੇਬਲ ਅਤੇ ਉਸਦੇ ਪਰਿਵਾਰ ਦੇ 9 ਮੈਂਬਰਾਂ 'ਤੇ ਅਗਵਾ ਕਰਨ-ਗੈਂਗਰੇਪ ਦਾ ਦੋਸ਼ ਲਗਾਇਆ ਹੈ।

ਲੜਕੀ ਅਨੁਸਾਰ ਮੁਲਜ਼ਮ ਉਸ ਨੂੰ ਇਕ ਮਹੀਨਾ ਪਹਿਲਾਂ ਪੂਰਬੀ ਛਤਰਪੁਰ ਤੋਂ ਇਕ ਮਾਮਲੇ ਦੇ ਸਿਲਸਿਲੇ ਵਿਚ ਲੈ ਗਿਆ ਸੀ। ਫਿਰ ਬੰਧਕ ਬਣਾ ਲਿਆ ਅਤੇ ਵੱਖ-ਵੱਖ ਥਾਵਾਂ 'ਤੇ ਰੱਖਿਆ। ਹਮਲਾ ਕੀਤਾ ਅਤੇ ਬਲਾਤਕਾਰ ਕੀਤਾ। ਬਾਅਦ ਵਿੱਚ ਉਸ ਨੂੰ ਯੂਪੀ ਬਾਰਡਰ ਦੇ ਕੋਲ ਸੁੱਟ ਦਿੱਤਾ ਗਿਆ। ਪੁਲਸ ਨੇ ਲੜਕੀ ਦੇ ਬਿਆਨਾਂ ਦੇ ਆਧਾਰ 'ਤੇ ਰਾਜਨਗਰ ਥਾਣੇ 'ਚ ਤਾਇਨਾਤ ਕਾਂਸਟੇਬਲ ਸੰਜੇ ਤਿਵਾੜੀ ਅਤੇ ਉਸ ਦੇ ਪਰਿਵਾਰ ਦੇ 9 ਹੋਰ ਮੈਂਬਰਾਂ ਖਿਲਾਫ ਮਾਮਲਾ ਦਰਜ ਕਰ ਲਿਆ ਹੈ।

ਐਸਪੀ ਅਮਿਤ ਸਾਂਘੀ ਨੇ ਇਸ ਮਾਮਲੇ ਵਿੱਚ ਕਾਂਸਟੇਬਲ ਸੰਜੇ ਤਿਵਾੜੀ ਨੂੰ ਮੁਅੱਤਲ ਕਰਦਿਆਂ ਮਾਮਲੇ ਦੀ ਜਾਂਚ ਲਈ ਐਸਆਈਟੀ ਟੀਮ ਦਾ ਗਠਨ ਕੀਤਾ ਹੈ, ਜੋ ਮਾਮਲੇ ਦੀ ਤਹਿ ਤੱਕ ਜਾ ਕੇ ਪੂਰੀ ਜਾਂਚ ਕਰੇਗੀ। ਫਿਲਹਾਲ ਪੁਲਿਸ ਨੇ ਮਾਮਲਾ ਦਰਜ ਕਰਕੇ ਮੁਲਜ਼ਮਾਂ ਦੀ ਭਾਲ ਤੇਜ਼ ਕਰ ਦਿੱਤੀ ਹੈ।

## ਬੰਗਾਲ 'ਚ ਅਸਮਾਨੀ ਬਿਜਲੀ ਡਿੱਗਣ ਕਾਰਨ 14 ਮਰੇ

ਕਲਕੱਤਾ, 27 ਅਪ੍ਰੈਲ (ਪੋਸਟ ਬਿਊਰੋ): ਪੱਛਮੀ ਬੰਗਾਲ ਦੇ ਕਈ ਜ਼ਿਲ੍ਹਿਆਂ ਵਿੱਚ ਗਰਜ ਅਤੇ ਬਿਜਲੀ ਦੇ ਨਾਲ ਮੀਂਹ ਪਿਆ। ਇਸ ਦੌਰਾਨ ਬਿਜਲੀ ਡਿੱਗਣ ਕਾਰਨ 14 ਲੋਕਾਂ ਦੀ ਮੌਤ ਹੋ ਗਈ। ਇੱਕ ਅਧਿਕਾਰੀ ਨੇ ਦੱਸਿਆ ਕਿ ਪੰਜ ਜ਼ਿਲ੍ਹਿਆਂ ਵਿੱਚ ਬਿਜਲੀ ਡਿੱਗਣ ਕਾਰਨ 14 ਲੋਕਾਂ ਦੀ ਮੌਤ ਹੋ ਗਈ ਹੈ। ਉਨ੍ਹਾਂ ਕਿਹਾ ਕਿ ਸੂਬੇ ਵਿੱਚ ਕਈ ਥਾਵਾਂ 'ਤੇ ਦਰਮਿਆਨੀ ਬਾਰਿਸ਼ ਹੋਈ।

ਆਫ਼ਤ ਪ੍ਰਬੰਧਨ ਵਿਭਾਗ ਦੇ ਇੱਕ ਅਧਿਕਾਰੀ ਨੇ ਦੱਸਿਆ ਕਿ ਬਿਜਲੀ ਡਿੱਗਣ ਕਾਰਨ ਪੂਰਬਾ ਬਰਧਮਾਨ ਜ਼ਿਲ੍ਹੇ ਵਿੱਚ ਚਾਰ, ਮੁਰਸ਼ਿਦਾਬਾਦ ਅਤੇ ਉੱਤਰੀ 24 ਪਰਗਨਾ ਜ਼ਿਲ੍ਹਿਆਂ ਵਿੱਚ ਦੋ-ਦੋ ਲੋਕਾਂ ਦੀ ਮੌਤ ਹੋ ਗਈ। ਪੁਲਿਸ ਅਧਿਕਾਰੀਆਂ ਨੇ ਦੱਸਿਆ ਕਿ ਪੱਛਮੀ ਮਿਦਨਾਪੁਰ ਅਤੇ ਹਾਵੜਾ ਦਿਹਾਤੀ ਜ਼ਿਲ੍ਹਿਆਂ ਵਿੱਚ ਛੇ ਹੋਰ ਮੌਤਾਂ ਹੋਈਆਂ ਹਨ। ਪੱਛਮੀ ਮਿਦਨਾਪੁਰ ਅਤੇ ਹਾਵੜਾ



ਗ੍ਰਾਮੀਣ ਤੋਂ ਤਿੰਨ-ਤਿੰਨ ਮੌਤਾਂ ਹੋਈਆਂ ਹਨ। ਜ਼ਿਆਦਾਤਰ ਪੀੜਤ ਕਿਸਾਨ ਸਨ ਜੋ ਖੇਤਾਂ ਵਿੱਚ ਕੰਮ ਕਰਨ ਗਏ ਹੋਏ ਸਨ। ਇਸ ਦੌਰਾਨ ਉਨ੍ਹਾਂ ਨੂੰ ਕਰੰਟ ਲੱਗ ਗਿਆ।

ਉਨ੍ਹਾਂ ਕਿਹਾ ਕਿ ਕੋਲਕਾਤਾ, ਹਾਵੜਾ, ਉੱਤਰੀ 24 ਪਰਗਨਾ, ਪੂਰਬਾ ਬਰਧਮਾਨ ਅਤੇ ਮੁਰਸ਼ਿਦਾਬਾਦ ਸਮੇਤ ਦੱਖਣੀ ਬੰਗਾਲ ਦੇ ਕਈ ਜ਼ਿਲ੍ਹਿਆਂ ਵਿੱਚ ਤੇਜ਼ ਹਵਾਵਾਂ ਅਤੇ ਗਰਜ ਨਾਲ ਹਲਕੀ ਬਾਰਿਸ਼ ਹੋਈ। ਖੇਤਰੀ ਮੌਸਮ ਵਿਗਿਆਨ ਕੇਂਦਰ ਦੇ ਇੱਕ ਅਧਿਕਾਰੀ ਨੇ ਦੱਸਿਆ ਕਿ ਅਲੀਪੁਰ ਵਿੱਚ 79 ਕਿਲੋਮੀਟਰ ਪ੍ਰਤੀ ਘੰਟੇ ਦੀ ਰਫ਼ਤਾਰ ਨਾਲ ਹਵਾ ਚੱਲੀ।

# ਮਨੀਪੁਰ ਦੇ ਮੁੱਖ ਮੰਤਰੀ ਦੇ ਪ੍ਰੋਗਰਾਮ ਵਾਲੇ ਸਥਾਨ ਦੀ ਭੰਨਤੋੜ, ਅੱਗ ਲਗਾਈ ਗਈ

ਇੰਫਾਲ, 27 ਅਪ੍ਰੈਲ (ਪੋਸਟ ਬਿਊਰੋ): ਮਨੀਪੁਰ ਦੇ ਚੁਰਾਚੰਦਪੁਰ ਜ਼ਿਲੇ ਦੇ ਨਿਊ ਲਮਕਾ 'ਚ ਵੀਰਵਾਰ ਰਾਤ 9 ਵਜੇ ਦੇ ਕਰੀਬ ਦੰਗਾਕਾਰੀ ਭੀੜ ਨੇ ਉਸ ਜਗ੍ਹਾ 'ਤੇ ਭੰਨ-ਤੋੜ ਕੀਤੀ ਅਤੇ ਅੱਗ ਲਗਾ ਦਿੱਤੀ, ਜਿੱਥੇ ਮੁੱਖ ਮੰਤਰੀ ਐੱਨ ਬੀਰੇਨ ਸਿੰਘ ਦਾ ਪ੍ਰੋਗਰਾਮ ਤਜਵੀਜ਼ ਹੈ। ਸਥਾਨਕ ਪੁਲਿਸ ਨੇ ਤੁਰੰਤ ਕਾਰਵਾਈ ਕਰਦਿਆਂ ਭੀੜ ਨੂੰ ਖਦੇੜਿਆ ਪਰ ਇਸ ਤੋਂ ਪਹਿਲਾਂ ਭੀੜ ਨੇ ਸੈਂਕੜੇ ਕੁਰਸੀਆਂ ਸਾੜ ਦਿੱਤੀਆਂ ਅਤੇ ਸਮਾਗਮ ਵਾਲੀ ਥਾਂ ਨੂੰ ਨੁਕਸਾਨ ਪਹੁੰਚਾਇਆ।



ਪੁਲਿਸ ਨੇ ਕਿਹਾ ਕਿ ਗੁੱਸੇ ਵਿੱਚ ਆਈ ਭੀੜ ਨੇ ਨਿਊ ਲੰਮਾ ਵਿੱਚ ਪੀਟੀ ਸਪੋਰਟਸ ਕੰਪਲੈਕਸ ਵਿੱਚ ਨਵੇਂ ਸਥਾਪਿਤ 'ਓਪਨ ਜਿਮ' ਨੂੰ ਅੰਸ਼ਕ ਤੌਰ 'ਤੇ ਅੱਗ ਲਗਾ ਦਿੱਤੀ, ਜਿਸ ਦਾ ਉਦਘਾਟਨ ਬੀਰੇਨ ਸਿੰਘ ਸ਼ੁੱਕਰਵਾਰ ਦੁਪਹਿਰ ਨੂੰ ਕਰਨਾ ਹੈ। ਭੀੜ ਦਾ ਹਮਲਾ ਅਜਿਹੇ ਸਮੇਂ ਹੋਇਆ ਜਦੋਂ ਕਬਾਇਲੀ ਨੇਤਾਵਾਂ ਦੇ ਫੋਰਮ ਨੇ ਸਵੇਰੇ 8 ਵਜੇ ਤੋਂ ਸ਼ਾਮ 4 ਵਜੇ ਤੱਕ ਪੂਰੇ ਚੂਰਾਚੰਦਪੁਰ ਬੰਦ ਦਾ ਸੱਦਾ ਦਿੱਤਾ।

ਮੰਚ ਨੇ ਦਾਅਵਾ ਕੀਤਾ ਕਿ ਕਿਸਾਨਾਂ ਅਤੇ ਹੋਰ ਆਦਿਵਾਸੀ ਵਸਨੀਕਾਂ ਦੇ ਰਾਖਵੇਂ ਜੰਗਲਾਤ ਖੇਤਰ ਨੂੰ ਖਾਲੀ ਕਰਵਾਉਣ ਲਈ ਚੱਲ ਰਹੀ ਬੇਦਖਲੀ ਮੁਹਿੰਮ ਦੇ ਵਿਰੋਧ ਵਿੱਚ ਸਰਕਾਰ ਨੂੰ ਵਾਰ-ਵਾਰ ਮੰਗ ਪੱਤਰ ਸੌਂਪਣ ਦੇ ਬਾਵਜੂਦ ਸਰਕਾਰ ਨੇ ਲੋਕਾਂ ਦੀਆਂ ਸਮੱਸਿਆਵਾਂ ਨੂੰ ਹੱਲ ਕਰਨ ਵਿੱਚ ਕੋਈ ਦਿਲਚਸਪੀ ਨਹੀਂ ਦਿਖਾਈ।

## ਕੇਰਲ ਵਿਚ ਜਿਨਸੀ ਸ਼ੋਸ਼ਣ ਦੇ ਦੋਸ਼ੀ ਡਾਕਟਰ ਨੂੰ ਸੱਤ ਸਾਲ ਦੀ ਸਜ਼ਾ

ਕੇਰਲ, 27 ਅਪ੍ਰੈਲ (ਪੋਸਟ ਬਿਊਰੋ): ਕੇਰਲ ਦੀ ਇਕ ਵਿਸ਼ੇਸ਼ ਫਾਸਟ ਟਰੈਕ ਅਦਾਲਤ ਨੇ ਵੀਰਵਾਰ ਨੂੰ ਕਲੀਨਿਕਲ ਮਨੋਵਿਗਿਆਨੀ ਨੂੰ ਸੱਤ ਸਾਲ ਦੀ ਸਜ਼ਾ ਸੁਣਾਈ। ਉਸ ਨੂੰ ਤੇਰਾਂ ਸਾਲ ਦੇ ਲੜਕੇ ਦਾ ਜਿਨਸੀ ਸ਼ੋਸ਼ਣ ਕਰਨ ਦਾ ਦੋਸ਼ੀ ਠਹਿਰਾਇਆ ਗਿਆ ਸੀ। ਜੱਜ ਸੁਦਰਸ਼ਨ ਨੇ ਅੱਜ ਦੋਸ਼ੀ ਡਾਕਟਰ ਕੇ ਗਿਰੀਸ਼ 'ਤੇ 1.5 ਲੱਖ ਰੁਪਏ ਦਾ ਜੁਰਮਾਨਾ ਵੀ ਲਗਾਇਆ ਹੈ।



ਸਰਕਾਰੀ ਵਕੀਲ ਆਰਐਸ ਵਿਜੇ ਮੋਹਨ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਜੇਕਰ ਜੁਰਮਾਨਾ ਅਦਾ ਨਹੀਂ ਕੀਤਾ ਜਾਂਦਾ ਹੈ, ਤਾਂ ਦੋਸ਼ੀ ਨੂੰ ਚਾਰ ਸਾਲ ਦੀ ਵਾਧੂ ਕੈਦ ਕੱਟਣੀ ਪਵੇਗੀ। ਡਾਕਟਰ ਨੂੰ ਬੱਚਿਆਂ 'ਤੇ ਜਿਨਸੀ ਸ਼ੋਸ਼ਣ, ਨਾਬਾਲਗ 'ਤੇ ਵਾਰ-ਵਾਰ ਜਿਨਸੀ ਸ਼ੋਸ਼ਣ ਅਤੇ ਬੱਚੇ ਦੇ ਜਿਨਸੀ ਹਮਲੇ ਸਮੇਤ ਅਪਰਾਧਾਂ ਲਈ ਪ੍ਰੋਟੈਕਸ਼ਨ ਆਫ ਚਿਲਡਰਨ ਫਰਾਮ ਸੈਕਸੂਅਲ ਆਫੈਂਸ (ਪੋਕਸੋ) ਐਕਟ ਦੇ ਤਹਿਤ ਸੱਤ ਸਾਲ ਦੀ ਸਜ਼ਾ ਸੁਣਾਈ ਗਈ ਹੈ।

ਆਰਐਸ ਵਿਜੇ ਮੋਹਨ ਨੇ ਕਿਹਾ, ਅਦਾਲਤ ਨੇ ਉਸ ਨੂੰ ਮਾਨਸਿਕ ਰੋਗੀ ਦੇ ਜਿਨਸੀ ਸ਼ੋਸ਼ਣ ਦੇ ਜੁਰਮ ਵਿੱਚ ਸੱਤ ਸਾਲ ਦੀ ਸਜ਼ਾ ਸੁਣਾਈ ਹੈ। ਅਦਾਲਤ ਨੇ ਬੁੱਧਵਾਰ ਨੂੰ ਡਾਕਟਰ ਨੂੰ 2015-17 ਦੀ ਮਿਆਦ ਦੇ ਦੌਰਾਨ ਆਪਣੇ ਘਰ ਦੇ ਨੇੜੇ ਇੱਕ ਨਿੱਜੀ ਕਲੀਨਿਕ ਵਿੱਚ ਇੱਕ ਨਾਬਾਲਗ ਲੜਕੇ ਦਾ ਜਿਨਸੀ ਸ਼ੋਸ਼ਣ ਕਰਨ ਦਾ ਦੋਸ਼ੀ ਪਾਇਆ। ਇਸੇ ਅਦਾਲਤ ਨੇ ਇੱਕ ਸਾਲ ਪਹਿਲਾਂ ਵੀ ਇਸੇ ਤਰ੍ਹਾਂ ਦੇ ਇੱਕ ਕੇਸ ਵਿੱਚ ਮੁਲਜ਼ਮ ਨੂੰ ਛੇ ਸਾਲ ਦੀ ਸਖ਼ਤ ਕੈਦ ਦੀ ਸਜ਼ਾ ਸੁਣਾਈ ਸੀ। ਬਾਅਦ ਵਿਚ ਹਾਈ ਕੋਰਟ ਨੇ ਉਸ ਨੂੰ ਜ਼ਮਾਨਤ ਦੇ ਦਿੱਤੀ।

## ਭਾਰਤ-ਅਮਰੀਕਾ ਸਬੰਧ ਦੁਨੀਆ ਦੇ ਭਵਿੱਖ ਲਈ ਬਹੁਤ ਮਹੱਤਵਪੂਰਨ: ਅਮਰੀਕੀ ਰਾਜਦੂਤ ਐਰਿਕ

ਨਵੀਂ ਦਿੱਲੀ, 27 ਅਪ੍ਰੈਲ (ਪੋਸਟ ਬਿਊਰੋ): ਭਾਰਤ ਵਿੱਚ ਅਮਰੀਕਾ ਦੇ ਨਵ-ਨਿਯੁਕਤ ਰਾਜਦੂਤ ਐਰਿਕ ਗਾਰਸੇਟੀ ਦਾ ਕਹਿਣਾ ਹੈ ਕਿ ਭਾਰਤ ਅਤੇ ਅਮਰੀਕਾ ਦੇ ਸਬੰਧ ਵਿਸ਼ਵ ਦੇ ਭਵਿੱਖ ਲਈ ਬਹੁਤ ਮਹੱਤਵਪੂਰਨ ਹਨ। ਉਨ੍ਹਾਂ ਕਿਹਾ ਕਿ ਦੋਵੇਂ ਦੇਸ਼ ਕਈ ਮੁੱਦਿਆਂ 'ਤੇ ਇਕੱਠੇ ਕੰਮ ਕਰ ਰਹੇ ਹਨ ਅਤੇ ਅਜਿਹਾ ਪਹਿਲਾਂ ਕਦੇ ਨਹੀਂ ਹੋਇਆ। ਦੱਸ ਦੇਈਏ ਕਿ ਯੂਐਸ ਇੰਡੀਆ ਸਮਿਟ ਦਾ ਆਯੋਜਨ ਅਮਰੀਕੀ ਸੰਸਦ ਦੇ ਇੰਡੀਆ ਕਾਕਸ ਦੇ ਸਹਿ ਪ੍ਰਧਾਨ ਰੋ ਖੰਨਾ ਅਤੇ ਮਾਈਕਲ ਵਾਲਟਜ਼ ਨੇ ਕੀਤਾ ਸੀ। ਏਰਿਕ ਗਾਰਸੇਟੀ ਨੇ ਇਹ ਗੱਲਾਂ ਇਸੇ ਸਮਾਗਮ ਵਿੱਚ ਭਾਰਤੀ ਮੂਲ ਦੇ ਅਮਰੀਕੀ ਨਾਗਰਿਕਾਂ ਨੂੰ ਸੰਬੋਧਨ ਕਰਦਿਆਂ ਕਹੀਆਂ।

ਆਪਣੇ ਸੰਬੋਧਨ ਵਿਚ ਐਰਿਕ ਗਾਰਸੇਟੀ ਨੇ ਕਿਹਾ ਕਿ 'ਦੁਨੀਆਂ ਵਿਚ ਅਜਿਹੇ ਰਿਸ਼ਤੇ ਬਹੁਤ ਘੱਟ ਹਨ, ਜੋ ਭਾਰਤ ਅਤੇ ਅਮਰੀਕਾ ਲਈ ਜ਼ਿਆਦਾ ਮਹੱਤਵਪੂਰਨ ਹਨ। ਸਾਡਾ ਰਿਸ਼ਤਾ ਸੰਸਾਰ ਦੇ ਭਵਿੱਖ ਲਈ ਬਹੁਤ ਮਹੱਤਵਪੂਰਨ ਹੈ। ਜਿਵੇਂ ਕਿ ਰਾਸ਼ਟਰਪਤੀ ਜੋ ਬਾਈਡਨ ਦਾ ਕਹਿਣਾ ਹੈ ਕਿ ਭਾਰਤ ਅਤੇ ਅਮਰੀਕਾ ਲਾਜ਼ਮੀ ਸਹਿਯੋਗੀ ਹਨ। ਗਾਰਸੇਟੀ ਨੇ ਕਿਹਾ ਕਿ 'ਮੈਂ ਰਾਸ਼ਟਰਪਤੀ ਜੋ ਬਾਈਡਨ ਨੂੰ ਉਸ ਸਮੇਂ ਮਿਲਿਆ ਜਦੋਂ ਮੈਂ ਭਾਰਤ ਜਾ ਰਿਹਾ ਸੀ। ਇਸ ਮੁਲਾਕਾਤ ਵਿੱਚ ਜਦੋਂ ਮੈਂ ਉਨ੍ਹਾਂ ਨੂੰ ਭਾਰਤ-ਅਮਰੀਕੀ ਸਬੰਧਾਂ ਪ੍ਰਤੀ ਉਨ੍ਹਾਂ ਦੇ ਦ੍ਰਿਸ਼ਟੀਕੋਣ ਬਾਰੇ ਪੁੱਛਿਆ ਤਾਂ ਉਨ੍ਹਾਂ ਕਿਹਾ ਕਿ ਇਹ ਸਮਾਂ ਬਹੁਤ ਨਾਜ਼ੁਕ ਹੈ ਅਤੇ ਇਹ ਸਮੁੱਚੀ ਧਰਤੀ ਲਈ ਬਹੁਤ ਹੀ ਨਾਜ਼ੁਕ ਸਮਾਂ ਹੈ ਅਤੇ ਨਾਲ ਹੀ ਦੋਵਾਂ ਦੇਸ਼ਾਂ ਦੇ ਸਬੰਧਾਂ ਲਈ ਵੀ ਮਹੱਤਵਪੂਰਨ ਸਮਾਂ ਹੈ।

## ਨਾਬਾਲਗ ਦੀ ਮੌਤ ਤੋਂ ਬਾਅਦ ਕਾਲੀਆਗੰਜ ਵਿਚ ਪ੍ਰਦਰਸ਼ਨਕਾਰੀਆਂ ਨੇ ਲਗਾਈ ਪੁਲਸ ਸਟੇਸ਼ਨ ਨੂੰ ਅੱਗ

ਕਲਕੱਤਾ, 27 ਅਪ੍ਰੈਲ (ਪੋਸਟ ਬਿਊਰੋ): ਪੱਛਮੀ ਬੰਗਾਲ ਦੇ ਉੱਤਰੀ ਦਿਨਾਜਪੁਰ ਜ਼ਿਲੇ ਦੇ ਕਾਲੀਆਗੰਜ ਪੁਲਸ ਸਟੇਸ਼ਨ ਨੂੰ ਮੰਗਲਵਾਰ ਦੁਪਹਿਰ ਨੂੰ ਪ੍ਰਦਰਸ਼ਨਕਾਰੀਆਂ ਨੇ ਅੱਗ ਲਗਾ ਦਿੱਤੀ। ਨਾਬਾਲਗ ਲੜਕੀ ਦੀ ਮੌਤ ਤੋਂ ਨਾਰਾਜ਼ ਭੀੜ ਨੇ ਇਹ ਕਦਮ ਚੁੱਕਿਆ। ਇਸ ਘਟਨਾ ਨੂੰ ਲੈ ਕੇ ਕੁਝ ਦਿਨ ਪਹਿਲਾਂ ਵੀ ਲੋਕਾਂ ਨੇ ਵਿਰੋਧ ਪ੍ਰਦਰਸ਼ਨ ਕੀਤਾ ਸੀ।



ਅੱਗਜ਼ਨੀ ਦੀ ਘਟਨਾ ਤੋਂ ਬਾਅਦ ਕਾਲੀਆਗੰਜ ਥਾਣੇ ਦੇ ਆਲੇ-ਦੁਆਲੇ ਵੱਡੀ ਗਿਣਤੀ 'ਚ ਪੁਲਸ ਬਲ ਤਾਇਨਾਤ ਕਰ ਦਿੱਤਾ ਗਿਆ ਹੈ। ਇਹ ਘਟਨਾ ਮੰਗਲਵਾਰ ਨੂੰ ਉਦੋਂ ਵਾਪਰੀ ਜਦੋਂ ਰਾਏਗੰਜ 'ਚ ਭਾਜਪਾ ਵਲੋਂ ਆਯੋਜਿਤ ਪ੍ਰਦਰਸ਼ਨ ਦੌਰਾਨ ਲੋਕ ਪੁਲਸ ਸੁਪਰਡੈਂਟ ਆਫਿਸ ਦਾ ਘੇਰਾਬੰਦੀ ਕਰਨ ਪਹੁੰਚੇ।

ਹੁਣ ਬੱਚੀ ਦੀ ਮੌਤ ਅਤੇ ਥਾਣੇ ਨੂੰ ਅੱਗ ਲਾਉਣ ਦੀ ਘਟਨਾ ਨੂੰ ਲੈ ਕੇ ਸਿਆਸਤ ਵੀ ਤੇਜ਼ ਹੋ ਗਈ ਹੈ। ਤ੍ਰਿਣਮੂਲ ਕਾਂਗਰਸ ਭਾਰਤੀ ਜਨਤਾ ਪਾਰਟੀ (ਭਾਜਪਾ) 'ਤੇ ਹਿੰਸਾ ਭੜਕਾਉਣ ਦਾ ਦੋਸ਼ ਲਗਾ ਰਹੀ ਹੈ। ਟੀਐਮਸੀ ਭਾਜਪਾ 'ਤੇ ਬਲਾਤਕਾਰ ਅਤੇ ਕਤਲ ਦਾ ਮਾਮਲਾ ਦੱਸ ਕੇ ਗੁੱਸਾ ਭੜਕਾਉਣ ਦਾ ਦੋਸ਼ ਵੀ ਲਾ ਰਹੀ ਹੈ, ਜਦਕਿ ਇਹ ਸਾਰਾ ਮਾਮਲਾ ਜ਼ਹਿਰ ਦਾ ਹੈ। ਟੀਐਮਸੀ ਭਾਜਪਾ ਨੇਤਾਵਾਂ 'ਤੇ ਨਬਾਲਗ ਦੀ ਮੰਦਭਾਗੀ ਮੌਤ 'ਤੇ ਝੂਠੇ ਬਿਆਨ ਦੇਣ ਦਾ ਦੋਸ਼ ਵੀ ਲਗਾ ਰਹੀ ਹੈ।

ਪੱਛਮੀ ਬੰਗਾਲ ਦੇ ਉੱਤਰੀ ਦਿਨਾਜਪੁਰ ਜ਼ਿਲੇ ਦੇ ਰਾਏਗੰਜ 'ਚ ਮੰਗਲਵਾਰ ਨੂੰ ਭਾਜਪਾ ਵੱਲੋਂ ਜ਼ਿਲੇ ਦੇ ਪੁਲਸ ਸੁਪਰਡੈਂਟ ਦਫਤਰ ਦਾ ਘਿਰਾਓ ਕਰਨ ਲਈ ਕੀਤੇ ਗਏ ਪ੍ਰਦਰਸ਼ਨ ਦੌਰਾਨ ਹਿੰਸਾ ਭੜਕ ਗਈ। ਅਮਨ-ਕਾਨੂੰਨ ਦੀ ਬਹਾਲੀ ਲਈ ਪੁਲਿਸ ਨੇ ਪੱਥਰਬਾਜ਼ਾਂ ਨੂੰ ਕਾਬੂ ਕਰਨ ਲਈ ਅੱਥਰੂ ਗੈਸ ਦੇ ਗੋਲੇ ਛੱਡੇ ਅਤੇ ਲਾਠੀਚਾਰਜ ਵੀ ਕੀਤਾ।

# ਅਸਾਮ ਵਿਚ ਮੀਂਹ ਤੇ ਤੂਫ਼ਾਨ ਕਾਰਨ ਦੋ ਮੌਤਾਂ, 41 ਹਜਾਰ ਤੋਂ ਵੱਧ ਲੋਕ ਪ੍ਰਭਾਵਿਤ

* ਤਿਨਸੁਕੀਆ 'ਚ ਅੱਜ ਸਕੂਲ ਤੇ ਕਾਲਜ ਰਹਿਣਗੇ ਬੰਦ

ਅਸਾਮ, 27 ਅਪ੍ਰੈਲ (ਪੋਸਟ ਬਿਊਰੋ): ਅਸਾਮ ਦੇ ਵੱਖ-ਵੱਖ ਜ਼ਿਲ੍ਹਿਆਂ ਵਿੱਚ ਮੀਂਹ, ਗੜ੍ਹੇਮਾਰੀ ਅਤੇ ਤੇਜ਼ ਤੂਫ਼ਾਨ ਕਾਰਨ ਘੱਟੋ-ਘੱਟ ਦੋ ਲੋਕਾਂ ਦੀ ਮੌਤ ਹੋ ਗਈ ਹੈ ਅਤੇ 144 ਪਿੰਡਾਂ ਵਿੱਚ 41 ਹਜਾਰ ਤੋਂ ਵੱਧ ਲੋਕ ਪ੍ਰਭਾਵਿਤ ਹੋਏ ਹਨ। ਅਸਾਮ ਰਾਜ ਆਫ਼ਤ ਪ੍ਰਬੰਧਨ ਅਥਾਰਟੀ ਦੀ ਰਿਪੋਰਟ ਅਨੁਸਾਰ ਗੜ੍ਹੇਮਾਰੀ ਅਤੇ ਤੂਫ਼ਾਨ ਕਾਰਨ ਰਾਜ ਦੇ ਕਈ ਹਿੱਸਿਆਂ ਵਿੱਚ ਦਰੱਖਤ ਅਤੇ ਬਿਜਲੀ ਦੇ ਖੰਭੇ ਉੱਖੜ ਗਏ।



ਅਸਾਮ ਸਟੇਟ ਡਿਜ਼ਾਸਟਰ ਮੈਨੇਜਮੈਂਟ ਅਥਾਰਟੀ (ਏਐਸਡੀਐਮਏ) ਦੀ ਰਿਪੋਰਟ ਦੇ ਅਨੁਸਾਰ, ਸ਼ਨੀਵਾਰ ਨੂੰ ਜ਼ਿਲ੍ਹੇ ਵਿੱਚ ਤੇਜ਼ ਤੂਫਾਨ ਦੇ ਬਾਅਦ ਤਿਨਸੁਕੀਆ ਜ਼ਿਲ੍ਹੇ ਦੇ ਡਮਡੁਮਾ ਖੇਤਰ ਵਿੱਚ ਦੋ ਲੋਕਾਂ ਦੀ ਮੌਤ ਹੋ ਗਈ। ਮ੍ਰਿਤਕਾਂ ਦੀ ਪਛਾਣ ਬਿਜੋਏ ਮਾਨਕੀ (57) ਅਤੇ ਦੇਵ ਕੁਮਾਰ ਠਾਕੁਰ (26) ਵਜੋਂ ਹੋਈ ਹੈ। ਦੂਜੇ ਪਾਸੇ ਹੈਲਾਕਾਂਡੀ, ਤਿਨਸੁਕੀਆ, ਨਗਾਓਂ ਦੇ 144 ਪਿੰਡਾਂ ਦੇ ਕੁੱਲ 41,410 ਲੋਕ ਪ੍ਰਭਾਵਿਤ ਹੋਏ ਹਨ। ਇਸ ਤੋਂ ਇਲਾਵਾ ਗੋਲਪਾੜਾ, ਕਛਰ, ਧੂਬਰੀ, ਬੋਂਗਾਈਗਾਂਵ ਵੀ ਤੇਜ਼ ਤੂਫਾਨ ਨਾਲ ਪ੍ਰਭਾਵਿਤ ਹੋਏ ਹਨ।

ਇਕ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਤੂਫਾਨ ਅਤੇ ਮੀਂਹ ਕਾਰਨ ਕਈ ਘਰਾਂ ਨੂੰ ਵੀ ਨੁਕਸਾਨ ਪੁੱਜਾ ਹੈ। 633 ਕੱਚੇ ਘਰ ਅਤੇ 42 ਪੱਕੇ ਮਕਾਨਾਂ ਨੂੰ ਅੰਸ਼ਕ ਤੌਰ 'ਤੇ ਨੁਕਸਾਨ ਪਹੁੰਚਿਆ ਹੈ। 205 ਕੱਚੇ ਅਤੇ ਤਿੰਨ ਪੱਕੇ ਮਕਾਨ ਪੂਰੀ ਤਰ੍ਹਾਂ ਨੁਕਸਾਨੇ ਗਏ ਅਤੇ ਪੰਜ ਹੋਰ ਅਦਾਰੇ ਵੀ ਪ੍ਰਭਾਵਿਤ ਹੋਏ। ਰਿਪੋਰਟਾਂ ਮੁਤਾਬਕ ਸ਼ਨੀਵਾਰ ਨੂੰ ਗੋਲਪਾੜਾ ਜ਼ਿਲੇ ਦੇ ਬੰਦਰਮਾਥਾ ਇਲਾਕੇ 'ਚ ਬਿਜਲੀ ਡਿੱਗਣ ਨਾਲ ਪੰਜ ਗਾਵਾਂ ਦੀ ਮੌਤ ਹੋ ਗਈ।




## ਕੁਈਨਜ਼ਵੁੱਡ ਕਾਲਜ ਆਫ਼ ਬਿਜ਼ਨਸ ਹੈਲਥ ਐਂਡ ਟੈਕਨਾਲੋਜੀ ਡਿਪਲੋਮਾ ਅਤੇ ਛੋਟੇ ਕੋਰਸ ਪੇਸ਼ ਕਰਦਾ ਹੈ

ਡਿਪਲੋਮਾ ਪ੍ਰੋਗਰਾਮਾਂ ਵਿੱਚ ਅਸੀਂ **Medical Office Assistant** ਪ੍ਰੋਗਰਾਮ ਪੇਸ਼ ਕਰ ਰਹੇ ਹਾਂ । ਇਹ ਪ੍ਰੋਗਰਾਮ ਉਹਨਾਂ ਸਾਰਿਆਂ ਲਈ ਢੁਕਵਾਂ ਹੈ ਜੋ ਡਾਕਟਰ ਦੇ ਦਫ਼ਤਰ ਵਿੱਚ ਕੰਮ ਕਰਨਾ ਚਾਹੁੰਦੇ ਹਨ। ਤੁਸੀਂ ਇਸ ਕੋਰਸ ਨੂੰ ਪੂਰਾ ਕਰਨ ਤੋਂ ਬਾਅਦ ਡਾਕਟਰ ਦੇ ਦਫਤਰ ਵਿੱਚ ਇੱਕ ਚੰਗੀ ਸਫੈਦ ਕਾਲਰ ਦੀ ਨੌਕਰੀ ਪ੍ਰਾਪਤ ਕਰ ਸਕਦੇ ਹੋ। ਇਹ ਪ੍ਰੋਗਰਾਮ 47 ਹਫ਼ਤਿਆਂ ਦਾ ਹੈ। ਇਸ ਪ੍ਰੋਗਰਾਮ ਵਿੱਚ ਡਾਕਟਰ ਦੇ ਦਫ਼ਤਰ ਵਿੱਚ 240 **Hours** ਦੀ ਵਿਹਾਰਕ ਸਿਖਲਾਈ ਸ਼ਾਮਲ ਹੈ ਜੋ ਕਿ ਗਿਆਨ ਪ੍ਰਾਪਤ ਕਰਨ ਵਿੱਚ ਮਦਦਗਾਰ ਹੈ।

ਇਹ ਪ੍ਰੋਗਰਾਮ ਕਿਸੇ ਵੀ ਕੰਪਨੀ ਦੇ ਪ੍ਰਸ਼ਾਸਕੀ ਖੇਤਰ, ਫਰੰਟ ਡੈਸਕ ਨੌਕਰੀਆਂ, ਰਿਸੈਪਸ਼ਨਿਸਟ, ਆਫਿਸ ਐਡਮਿਨਿਸਟ੍ਰੇਟੋ ਵਿੱਚ ਨੌਕਰੀ ਪ੍ਰਾਪਤ ਕਰਨ ਵਿੱਚ ਮਦਦ ਕਰਦਾ ਹੈ।

ਇਸ ਕੋਰਸ ਲਈ ਪੂਰਵ ਸ਼ਰਤ ਹੈ, ਪ੍ਰੋਗਰਾਮ ਵਿੱਚ ਦਾਖਲਾ ਲੈਣ ਲਈ ਕਿਸੇ ਵੀ ਦੇਸ਼ ਤੋਂ ਘੱਟੋ-ਘੱਟ ਬਾਰ੍ਹਵੀਂ ਜਮਾਤ ਜਾਂ ਤੁਹਾਡੀ ਉਮਰ 18 ਸਾਲ ਤੋਂ ਵੱਧ ਹੋਣੀ ਚਾਹੀਦੀ ਹੈ।

ਇਸ ਤੋਂ ਇਲਾਵਾ, Office Administration ਡਿਪਲੋਮਾ ਪ੍ਰੋਗਰਾਮ ਅਤੇ Personal Support Worker, Food Service Worker, ਪ੍ਰੋਗਰਾਮ ਵੀ ਪੇਸ਼ ਕੀਤੇ ਜਾਂਦੇ ਹਨ। ਛੋਟੇ ਕੋਰਸਾਂ ਵਿੱਚ, ਬੇਸਿਕ ਤੋਂ ਐਡਵਾਂਸ ਕੰਪਿਊਟਰ ਕੋਰਸ, ਅੰਗਰੇਜ਼ੀ ਭਾਸ਼ਾ ਦੇ ਕੋਰਸ, Accounting, ਆਈਲੈਟਸ, ਸੇਲਪਪ, ਡੇਟਾ ਐਂਟਰੀ ਅਤੇ ਫਰੈਂਚ ਕਲਾਸਾਂ ਵੀ ਇੱਥੇ ਦਿੱਤੀਆਂ ਜਾ ਰਹੀਆਂ ਹਨ। ਕਲਾਸਾਂ ਹਫ਼ਤੇ ਦੇ ਦਿਨ ਅਤੇ ਸ਼ਨੀਵਾਰ ਲਈ ਉਪਲਬਧ ਹਨ। Flexible schedule.

ਵਧੇਰੇ ਜਾਣਕਾਰੀ ਲਈ, ਤੁਸੀਂ 905-872-0088 ਤੇ ਕਾਲ ਕਰ ਸਕਦੇ ਹੋ।

Website: www.queenswood.com

Address: 2023 William, Pkwy, Unit 3, Brampton, ON, L6S 5N1



## ਕੀਨੀਆ 'ਚ 47 ਲੋਕਾਂ ਦੀ ਭੁੱਖ ਨਾਲ ਮੌਤ, ਅੰਧਵਿਸ਼ਵਾਸ 'ਚ ਫਸ ਕੇ ਕੀਤੀ ਖ਼ੁਦਕੁਸ਼ੀ

ਨੈਰੋਬੀ, 27 ਅਪ੍ਰੈਲ (ਪੋਸਟ ਬਿਊਰੋ): ਅਫਰੀਕੀ ਦੇਸ਼ ਕੀਨੀਆ ਤੋਂ ਇਕ ਹੈਰਾਨ ਕਰਨ ਵਾਲੀ ਘਟਨਾ ਸਾਹਮਣੇ ਆਈ ਹੈ। ਇਸ ਦੇਸ਼ ਵਿੱਚ 45 ਤੋਂ ਵੱਧ ਲੋਕ ਅੰਧਵਿਸ਼ਵਾਸ ਵਿੱਚ ਫਸ ਕੇ ਆਪਣੀ ਜਾਨ ਦੇ ਚੁੱਕੇ ਹਨ। ਦੱਸਿਆ ਜਾ ਰਿਹਾ ਹੈ ਕਿ ਇਕ ਪਾਦਰੀ ਦੇ ਕਹਿਣ 'ਤੇ ਇਨ੍ਹਾਂ ਲੋਕਾਂ ਨੇ ਭੁੱਖੇ ਰਹਿ ਕੇ ਸਮੂਹਿਕ ਖੁਦਕੁਸ਼ੀ ਕਰ ਲਈ। ਪਾਦਰੀ ਨੇ ਇਨ੍ਹਾਂ ਲੋਕਾਂ ਨੂੰ ਕਿਹਾ ਸੀ ਕਿ ਭੁੱਖੇ ਮਰ ਕੇ ਅਤੇ ਆਪਣੇ ਆਪ ਨੂੰ ਦਫ਼ਨਾਉਣ ਨਾਲ, ਉਹ ਸਵਰਗ ਵਿੱਚ ਜਗ੍ਹਾ ਪ੍ਰਾਪਤ ਕਰਨਗੇ ਅਤੇ ਉੱਥੇ ਯਿਸੂ ਨੂੰ ਮਿਲਣਗੇ। ਇਕ ਰਿਪੋਰਟ 'ਚ ਦੱਸਿਆ ਗਿਆ ਹੈ ਕਿ ਪਾਦਰੀ ਦੀ ਸਲਾਹ 'ਤੇ ਕਰੀਬ 47 ਲੋਕਾਂ ਨੇ ਇਕੱਠੇ ਭੁੱਖੇ ਰਹਿ ਕੇ ਖੁਦਕੁਸ਼ੀ ਕਰ ਲਈ ਹੈ। ਸਥਾਨਕ ਪੁਲਿਸ ਨੇ ਪਾਦਰੀ ਦੀ ਮਲਕੀਅਤ ਵਾਲੀ ਜ਼ਮੀਨ ਤੋਂ ਉਨ੍ਹਾਂ ਦੀਆਂ ਲਾਸ਼ਾਂ ਬਰਾਮਦ ਕੀਤੀਆਂ ਹਨ। ਕੀਨੀਆ ਦੇ ਸ਼ਾਕਾਹੋਲਾ ਤੋਂ ਪੁਲਿਸ ਨੂੰ ਹੋਰ ਲਾਸ਼ਾਂ ਮਿਲਣ ਕਾਰਨ ਅੰਧਵਿਸ਼ਵਾਸ ਕਾਰਨ ਜਾਨਾਂ ਗੁਆਉਣ ਵਾਲਿਆਂ ਦੀ ਗਿਣਤੀ ਵਧਣ ਦਾ ਖ਼ਦਸ਼ਾ ਹੈ।

ਦੱਸਿਆ ਜਾ ਰਿਹਾ ਹੈ ਕਿ ਇਨ੍ਹਾਂ ਲੋਕਾਂ ਨੇ ਗੁੱਡ ਨਿਊਜ਼ ਇੰਟਰਨੈਸ਼ਨਲ ਚਰਚ ਦੇ ਪਾਦਰੀ ਦੀ ਸਲਾਹ 'ਤੇ ਸਮੂਹਿਕ ਖੁਦਕੁਸ਼ੀ ਕੀਤੀ ਹੈ। ਪਿਛਲੇ 3 ਦਿਨਾਂ ਤੋਂ ਕੀਨੀਆ 'ਚ ਸਥਾਨਕ ਪੁਲਿਸ ਵੱਲੋਂ ਮ੍ਰਿਤਕਾਂ ਦੀਆਂ ਲਾਸ਼ਾਂ ਨੂੰ ਮੌਕੇ ਤੋਂ ਬਾਹਰ ਕੱਢਿਆ ਜਾ ਰਿਹਾ ਹੈ। ਕੀਨੀਆ ਦੇ ਮਾਲਿੰਡੀ ਡਿਪਟੀ ਕਾਉਂਟੀ ਪੁਲਿਸ ਮੁਖੀ ਜੌਨ ਕੇਮਬੋਈ ਨੇ ਇਸ ਘਟਨਾ ਬਾਰੇ ਦੱਸਿਆ ਹੈ। ਉਨ੍ਹਾਂ ਕਿਹਾ ਕਿ ਪਾਦਰੀ ਪਾਲ ਮੈਕੇਂਜੀ ਦੀ ਮਾਲਕੀ ਵਾਲੀ ਜ਼ਮੀਨ 'ਤੇ ਹੋਰ ਕਬਰਾਂ ਪੁੱਟੀਆਂ ਜਾਣਗੀਆਂ।

## 'ਚੀਨ ਪਾਕਿਸਤਾਨ ਨਾਲ ਹਮੇਸ਼ਾ ਖੜ੍ਹਾ ਰਹੇਗਾ': ਚੀਨੀ ਪ੍ਰਧਾਨ ਮੰਤਰੀ ਕਿਆਂਗ

* ਪਾਕਿ ਪੀਐਮ ਸ਼ਹਿਬਾਜ਼ ਸ਼ਰੀਫ ਨਾਲ ਕੀਤੀ ਗੱਲਬਾਤ

ਬੀਜਿੰਗ, 27 ਅਪ੍ਰੈਲ (ਪੋਸਟ ਬਿਊਰੋ): ਚੀਨ ਦੇ ਪ੍ਰਧਾਨ ਮੰਤਰੀ ਲੀ ਕਿਆਂਗ ਨੇ ਵੀਰਵਾਰ ਨੂੰ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ ਨਾਲ ਫੋਨ 'ਤੇ ਗੱਲਬਾਤ ਕੀਤੀ। ਉਨ੍ਹਾਂ ਵਿੱਤੀ ਸੰਕਟ ਦਾ ਸਾਹਮਣਾ ਕਰ ਰਹੇ ਪਾਕਿਸਤਾਨ ਨੂੰ ਹਰ ਸੰਭਵ ਮਦਦ ਦਾ ਭਰੋਸਾ ਦਿੱਤਾ। ਇਸ ਦੇ ਨਾਲ ਹੀ ਉਨ੍ਹਾਂ ਨੇ ਪਾਕਿਸਤਾਨ ਨੂੰ ਉਮੀਦ ਜਤਾਈ ਕਿ ਇਸਲਾਮਾਬਾਦ ਦੇਸ਼ ਵਿੱਚ ਕੰਮ ਕਰ ਰਹੇ ਚੀਨੀ ਅਦਾਰਿਆਂ ਅਤੇ ਕਰਮਚਾਰੀਆਂ ਦੀ ਸੁਰੱਖਿਆ ਦੀ ਗਾਰੰਟੀ ਦੇਣ ਲਈ ਇੱਕ ਅਨੁਕੂਲ ਮਾਹੌਲ ਬਣਾਉਣਾ ਜਾਰੀ ਰੱਖੇਗਾ।

ਚੀਨੀ ਪ੍ਰਧਾਨ ਮੰਤਰੀ ਲੀ ਨੇ ਚੀਨ ਅਤੇ ਪਾਕਿਸਤਾਨ ਨੂੰ ਚੰਗੇ ਗੁਆਂਢੀ, ਦੋਸਤ, ਭਾਈਵਾਲ ਅਤੇ ਭਰਾ ਦੱਸਿਆ। ਉਨ੍ਹਾਂ ਨੇ ਗੱਲਬਾਤ ਦੌਰਾਨ



ਕਿਹਾ ਕਿ ਦੋਵਾਂ ਧਿਰਾਂ ਨੂੰ ਉੱਚ ਪੱਧਰੀ ਗੱਲਬਾਤ ਜਾਰੀ ਰੱਖਣੀ ਚਾਹੀਦੀ ਹੈ ਅਤੇ ਦੁਵੱਲੇ ਸਬੰਧਾਂ ਅਤੇ ਵੱਖ-ਵੱਖ ਖੇਤਰਾਂ ਵਿੱਚ ਸਹਿਯੋਗ ਨੂੰ ਹੋਰ ਅੱਗੇ ਵਧਾਉਣਾ ਚਾਹੀਦਾ ਹੈ।

ਲੀ ਨੇ ਮਾਰਚ ਵਿੱਚ ਪ੍ਰੀਮੀਅਰ ਵਜੋਂ ਅਹੁਦਾ ਸੰਭਾਲਿਆ ਸੀ। ਉਨ੍ਹਾਂ ਕਿਹਾ ਕਿ ਚੀਨ ਵਿੱਤੀ ਸਥਿਰਤਾ ਬਣਾਈ ਰੱਖਣ ਵਿੱਚ ਪਾਕਿਸਤਾਨ ਦਾ ਸਮਰਥਨ ਕਰੇਗਾ ਅਤੇ ਉਮੀਦ ਪ੍ਰਗਟਾਈ ਕਿ ਪਾਕਿਸਤਾਨ ਵਿੱਚ ਚੀਨੀ ਸੰਸਥਾਵਾਂ ਅਤੇ ਕਰਮਚਾਰੀਆਂ ਦੀ ਸੁਰੱਖਿਆ ਦੀ ਗਾਰੰਟੀ ਦੇਣ ਲਈ ਪਾਕਿਸਤਾਨ ਅਨੁਕੂਲ ਮਾਹੌਲ ਬਣਾਉਣਾ ਜਾਰੀ ਰੱਖੇਗਾ। ਉਹ ਚੀਨ-ਪਾਕਿਸਤਾਨ ਆਰਥਿਕ ਗਲਿਆਰੇ (ਸੀਪੀਈਸੀ) ਦੇ ਤਹਿਤ ਪਾਕਿਸਤਾਨ ਵਿੱਚ ਚੀਨੀ ਕਰਮਚਾਰੀਆਂ ਅਤੇ ਪ੍ਰੋਜੈਕਟਾਂ 'ਤੇ ਲਗਾਤਾਰ ਹੋ ਰਹੇ ਅੱਤਵਾਦੀ ਹਮਲਿਆਂ ਦਾ ਜ਼ਿਕਰ ਕਰ ਰਹੇ ਸਨ।

ਇਸ 'ਤੇ ਪਾਕਿ ਪ੍ਰਧਾਨ ਮੰਤਰੀ ਸ਼ਹਿਬਾਜ਼ ਸ਼ਰੀਫ ਨੇ ਅੱਗੇ ਕਿਹਾ ਕਿ ਪਾਕਿਸਤਾਨ ਵਿਚ ਚੀਨੀ ਕਰਮਚਾਰੀਆਂ, ਸੰਸਥਾਵਾਂ ਅਤੇ ਪ੍ਰੋਜੈਕਟਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਪਾਕਿਸਤਾਨ ਹਰ ਸੰਭਵ ਕੋਸ਼ਿਸ਼ ਕਰੇਗਾ। ਪ੍ਰਧਾਨ ਮੰਤਰੀ ਸ਼ਰੀਫ ਨੇ ਰਾਸ਼ਟਰੀ ਸੁਤੰਤਰਤਾ ਅਤੇ ਪ੍ਰਭੂਸੱਤਾ ਦੀ ਰਾਖੀ ਅਤੇ ਰਾਸ਼ਟਰੀ ਵਿਕਾਸ ਨੂੰ ਉਤਸ਼ਾਹਿਤ ਕਰਨ ਲਈ ਚੀਨ ਦੇ ਦ੍ਰਿੜ ਸਮਰਥਨ ਅਤੇ ਨਿਰਸਵਾਰਥ ਮਦਦ ਲਈ ਧੰਨਵਾਦ ਕੀਤਾ।

## ਪਾਕਿਸਤਾਨ 'ਚ ਟਰੇਨ 'ਚ 7 ਲੋਕਾਂ ਦੀ ਸੜਨ ਪਿੱਛੋਂ ਮੌਤ, ਤਿੰਨ ਬੱਚੇ ਵੀ ਸ਼ਾਮਲ



ਇਸਲਾਮਾਬਾਦ, 27 ਅਪ੍ਰੈਲ (ਪੋਸਟ ਬਿਊਰੋ): ਪਾਕਿਸਤਾਨ ਵਿੱਚ ਇੱਕ ਵੱਡਾ ਹਾਦਸਾ ਸਾਹਮਣੇ ਆਇਆ ਹੈ। ਇਕ ਰੇਲਗੱਡੀ ਦੀ ਇਕ ਬੋਗੀ 'ਚ ਅੱਗ ਲੱਗ ਗਈ, ਜਿਸ 'ਚ 7 ਲੋਕ ਝੁਲਸ ਗਏ। ਮਰਨ ਵਾਲਿਆਂ ਵਿੱਚ ਤਿੰਨ ਬੱਚੇ ਵੀ ਸ਼ਾਮਲ ਹਨ। ਘਟਨਾ ਸਿੰਧ ਸੂਬੇ ਦੀ ਹੈ। ਟਰੇਨ 'ਚ ਅੱਗ ਲੱਗਣ ਦੇ ਕਾਰਨਾਂ ਦਾ ਅਜੇ ਤੱਕ ਪਤਾ ਨਹੀਂ ਲੱਗ ਸਕਿਆ ਹੈ। ਹਾਦਸੇ ਦੀ ਜਾਂਚ ਕੀਤੀ ਜਾ ਰਹੀ ਹੈ। ਖਬਰਾਂ ਮੁਤਾਬਕ ਇਹ ਘਟਨਾ ਬੁੱਧਵਾਰ ਰਾਤ ਨੂੰ ਉਸ ਸਮੇਂ ਵਾਪਰੀ ਜਦੋਂ ਕਰਾਚੀ ਤੋਂ ਲਾਹੌਰ ਜਾ ਰਹੀ ਕਰਾਚੀ ਐਕਸਪ੍ਰੈਸ ਟਰੇਨ ਦੇ ਬਿਜ਼ਨੈੱਸ ਕਲਾਸ ਕੋਚ 'ਚ ਅੱਗ ਲੱਗ ਗਈ।

ਪਾਕਿਸਤਾਨ ਰੇਲਵੇ ਦੇ ਬੁਲਾਰੇ ਮਕਸੂਦ ਕੁੰਡੀ ਨੇ ਕਿਹਾ ਕਿ ਉਹ ਅਜੇ ਇਹ ਪਤਾ ਲਗਾਉਣ ਦੀ ਕੋਸ਼ਿਸ਼ ਕਰ ਰਹੇ ਹਨ ਕਿ ਬੋਗੀ ਨੂੰ ਅੱਗ ਕਿਵੇਂ ਲੱਗੀ। ਅੱਗ ਲੱਗਣ ਤੋਂ ਬਾਅਦ ਬੋਗੀ ਨੂੰ ਟਰੇਨ ਤੋਂ ਵੱਖ ਕਰ ਦਿੱਤਾ ਗਿਆ। ਕੁੰਡੀ ਨੇ ਕਿਹਾ ਕਿ ਮਰਨ ਵਾਲਿਆਂ ਦੀ ਗਿਣਤੀ ਸੱਤ ਹੋ ਗਈ ਹੈ, ਜਿਨ੍ਹਾਂ ਵਿੱਚ ਤਿੰਨ ਬੱਚੇ ਅਤੇ ਇੱਕ ਔਰਤ ਸ਼ਾਮਲ ਹੈ। ਰੇਲ ਮੰਤਰਾਲੇ ਨੇ ਉੱਚ ਪੱਧਰੀ ਜਾਂਚ ਦੇ ਹੁਕਮ ਦਿੱਤੇ ਹਨ। ਰੇਲਵੇ ਦੇ ਬੁਲਾਰੇ ਨੇ ਦੱਸਿਆ ਕਿ ਜਿਵੇਂ ਹੀ ਬੋਗੀ ਨੂੰ ਅੱਗ ਲੱਗੀ, ਟਰੇਨ ਨੂੰ ਟਾਂਡੋ ਮਸਤੀ ਖਾਨ ਸਟੇਸ਼ਨ 'ਤੇ ਰੋਕ ਦਿੱਤਾ ਗਿਆ। ਸੂਚਨਾ ਮਿਲਦੇ ਹੀ ਫਾਇਰ ਬ੍ਰਿਗੇਡ ਨੇ ਮੌਕੇ 'ਤੇ ਪਹੁੰਚ ਕੇ ਕਰੀਬ 40 ਮਿੰਟ ਦੀ ਮੁਸ਼ੱਕਤ ਤੋਂ ਬਾਅਦ ਅੱਗ 'ਤੇ ਕਾਬੂ ਪਾਇਆ।

## ਰਿਸ਼ੀ ਸੁਨਕ ਦੇ ਡਿਪਟੀ ਡੋਮਿਨਿਕ ਰਾਬ ਨੇ ਦਿੱਤਾ ਅਸਤੀਫਾ, ਪ੍ਰੇਸ਼ਾਨ ਕਰਨ ਦੇ ਲੱਗੇ ਸਨ ਦੋਸ਼

ਲੰਡਨ, 27 ਅਪ੍ਰੈਲ (ਪੋਸਟ ਬਿਊਰੋ): ਯੂਨਾਈਟਿਡ ਕਿੰਗਡਮ ਦੇ ਉਪ ਪ੍ਰਧਾਨ ਮੰਤਰੀ ਅਤੇ ਨਿਆਂ ਮੰਤਰੀ ਡੋਮਿਨਿਕ ਰਾਬ ਨੇ ਪ੍ਰੇਸ਼ਾਨ ਕਰਨ ਦੇ ਦੋਸ਼ਾਂ ਨੂੰ ਲੈ ਕੇ ਸ਼ੁੱਕਰਵਾਰ ਨੂੰ ਆਪਣੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਹੈ। ਉਸ ਖਿਲਾਫ ਤੰਗ ਪ੍ਰੇਸ਼ਾਨ ਕਰਨ ਦੀ ਸ਼ਿਕਾਇਤ ਕੀਤੀ ਗਈ ਸੀ, ਜਿਸ ਦੀ ਜਾਂਚ ਕੀਤੀ ਗਈ। ਇਹ ਜਾਂਚ ਪੂਰੀ ਹੋਣ ਤੋਂ ਬਾਅਦ ਰਾਬ ਨੇ ਆਪਣਾ ਅਹੁਦਾ ਛੱਡ ਦਿੱਤਾ ਹੈ। ਇਸ ਸ਼ਿਕਾਇਤ ਵਿੱਚ ਕਿਹਾ ਗਿਆ ਸੀ ਕਿ ਰਾਬ ਡਰਾਉਂਦਾ ਹੈ ਅਤੇ ਪ੍ਰੇਸ਼ਾਨ ਕਰਦਾ ਹੈ।

ਟਵਿੱਟਰ 'ਤੇ ਆਪਣੇ ਅਸਤੀਫੇ ਦਾ ਐਲਾਨ ਕਰਦੇ ਹੋਏ ਰਾਬ ਨੇ ਲਿਖਿਆ ਕਿ ਮੈਂ ਜਾਂਚ ਦੀ ਮੰਗ ਕੀਤੀ ਹੈ ਅਤੇ ਧਮਕੀ ਜਾਂ ਪਰੇਸ਼ਾਨੀ ਦੀ ਜਾਂਚ ਪੂਰੀ ਹੋਣ 'ਤੇ ਆਪਣੇ ਅਹੁਦੇ ਤੋਂ ਅਸਤੀਫਾ ਦੇਣ ਦਾ ਫੈਸਲਾ ਕੀਤਾ ਹੈ। ਮੇਰਾ ਮੰਨਣਾ ਹੈ ਕਿ ਆਪਣੇ ਮਨ ਦੀ ਗੱਲ ਕਰਨਾ ਮਹੱਤਵਪੂਰਨ ਹੈ।

ਰਾਬ ਦੇ ਅਸਤੀਫੇ ਤੋਂ ਬਾਅਦ, ਪਿਛਲੇ ਸਾਲ ਪ੍ਰਧਾਨ ਮੰਤਰੀ ਸੁਨਕ ਦੇ ਸੱਤਾ ਵਿੱਚ ਆਉਣ ਤੋਂ ਬਾਅਦ



ਇਹ ਤੀਜੀ ਵਾਰ ਹੈ ਜਦੋਂ ਕੈਬਨਿਟ ਪੱਧਰ ਦੇ ਕਿਸੇ ਵਿਅਕਤੀ ਨੇ ਆਪਣਾ ਅਹੁਦਾ ਛੱਡਿਆ ਹੈ। ਖਾਸ ਗੱਲ ਇਹ ਹੈ ਕਿ ਪੀਐਮ ਸੁਨਕ ਨੇ ਪ੍ਰਧਾਨ ਮੰਤਰੀ ਵਜੋਂ ਸਹੁੰ ਚੁੱਕਦੇ ਹੋਏ ਇਮਾਨਦਾਰ ਸਰਕਾਰ ਦੇਣ ਦਾ ਵਾਅਦਾ ਕੀਤਾ ਸੀ।

ਪਿਛਲੇ ਸਾਲ ਨਵੰਬਰ ਵਿੱਚ, ਪੀਐਮ ਸੁਨਕ ਨੇ ਰਾਬ ਵਿਰੁੱਧ ਧੱਕੇਸ਼ਾਹੀ ਅਤੇ ਪਰੇਸ਼ਾਨੀ ਦੇ ਦੋਸ਼ਾਂ ਦੀ ਜਾਂਚ ਕਰਨ ਲਈ ਇੱਕ ਸੀਨੀਅਰ ਰੁਜ਼ਗਾਰ ਵਕੀਲ, ਐਡਮ ਟੋਲੀ ਨੂੰ ਨਿਯੁਕਤ ਕੀਤਾ ਸੀ। ਮੰਤਰੀ ਦੇ ਨਾਲ ਕੰਮ ਕਰਨ ਵਾਲੇ ਸਿਵਲ ਸੇਵਕਾਂ ਤੋਂ ਹੋਰ ਸ਼ਿਕਾਇਤਾਂ ਸਾਹਮਣੇ ਆਈਆਂ ਸਨ।

## ਪਾਕਿਸਤਾਨ ਵਿੱਚ ਸਥਿਤੀ ਤੇਜ਼ੀ ਨਾਲ ਵਿਗੜ ਰਹੀ, ਵੱਡੀ ਗਿਣਤੀ ਵਿੱਚ ਦੇਸ਼ ਛੱਡਣ ਲਈ ਤਿਆਰ ਨਾਗਰਿਕ

ਇਸਲਾਮਾਬਾਦ, 27 ਅਪ੍ਰੈਲ (ਪੋਸਟ ਬਿਊਰੋ): ਉੱਘੇ ਪਾਕਿਸਤਾਨੀ ਅਰਥ ਸ਼ਾਸਤਰੀ ਆਤਿਫ ਮੀਆਂ ਨੇ ਕਿਹਾ ਹੈ ਕਿ ਆਉਣ ਵਾਲੇ ਆਰਥਿਕ ਸੰਕਟ, ਸਿਆਸੀ ਅਸਥਿਰਤਾ, ਵਧਦੀ ਖੁਰਾਕੀ ਮਹਿੰਗਾਈ ਅਤੇ ਵਧਦੇ ਅੱਤਵਾਦੀ ਹਮਲਿਆਂ ਕਾਰਨ ਵੱਡੀ ਗਿਣਤੀ ਵਿੱਚ ਪਾਕਿਸਤਾਨੀ ਦੇਸ਼ ਛੱਡਣ ਲਈ ਤਿਆਰ ਹਨ। ਪਾਕਿਸਤਾਨ ਦੇ ਅਹਿਮਦੀ ਭਾਈਚਾਰੇ ਨਾਲ ਸਬੰਧਤ ਆਤਿਫ ਦੀ ਪੰਜ ਸਾਲ ਪਹਿਲਾਂ ਨੌਕਰੀ ਚਲੀ ਗਈ ਸੀ।

ਉਨ੍ਹਾਂ ਨੇ ਵਾਇਸ ਆਫ ਅਮਰੀਕਾ ਵਿਚ ਦੇਸ਼ ਦੀ ਸਥਿਤੀ 'ਤੇ ਇਕ ਲੇਖ ਲਿਖਿਆ ਹੈ। ਵਿਗੜਦੀ ਆਰਥਿਕ ਸਥਿਤੀ 'ਤੇ ਚੁਟਕੀ ਲੈਂਦਿਆਂ, ਅਰਥ ਸ਼ਾਸਤਰੀ ਆਤਿਫ ਮੀਆਂ ਨੇ ਲਿਖਿਆ, "ਪਾਕਿ-ਸਤਾਨ ਇੱਕ ਅਜਿਹੀ ਜਗ੍ਹਾ ਹੈ ਜਿੱਥੇ ਨਿਵੇਸ਼ਕ ਜਾਣ ਲਈ ਤਿਆਰ ਨਹੀਂ ਹਨ, ਜਦੋਂ ਕਿ ਵੀਜ਼ਾ ਗੂਗਲ ਟ੍ਰੈਂਡਸ ਪਾਕਿ-ਸਤਾਨ 'ਤੇ ਸਭ ਤੋਂ ਵੱਧ ਸਰਚ ਕੀਤੇ ਗਏ ਸ਼ਬਦਾਂ ਵਿੱਚੋਂ ਇਕ ਹੈ।"



ਉਸ ਅਨੁਸਾਰ ਇੰਨੀ ਵੱਡੀ ਗਿਣਤੀ ਵਿਚ ਖੋਜਾਂ ਭਾਰਤ ਜਾਂ ਬੰਗਲਾਦੇਸ਼ ਵਿਚ ਨਹੀਂ ਦੇਖਣ ਨੂੰ ਮਿਲਦੀਆਂ ਹਨ। ਇਸ ਤੋਂ ਪਤਾ ਲੱਗਦਾ ਹੈ ਕਿ ਵੱਡੀ ਗਿਣਤੀ ਵਿਚ ਪਾਕਿਸਤਾਨੀ ਦੇਸ਼ ਛੱਡਣ ਲਈ ਤਿਆਰ ਹਨ। ਆਤਿਫ ਮੀਆਂ ਅਨੁਸਾਰ ਭਾਵੇਂ ਸਿਆਸਤਦਾਨ ਹੋਵੇ, ਨੌਕਰਸ਼ਾਹ ਜਾਂ ਫੌਜੀ ਅਦਾਰੇ, ਅੱਜ ਸਰਕਾਰ ਲੋਕਾਂ ਵਿਚ ਆਪਣੀ ਭਰੋਸੇਯੋਗਤਾ ਗੁਆ ਚੁੱਕੀ ਹੈ।

ਉਧਰ ਪਾਕਿਸਤਾਨ ਦੀ ਇਲੈਕਟ੍ਰਾਨਿਕ ਮੀਡੀਆ ਰੈਗੂਲੇਟਰੀ ਅਥਾਰਟੀ (ਪੇਮਰਾ) ਨੇ ਸ਼ੁੱਕਰਵਾਰ ਨੂੰ ਦੇਸ਼ ਭਰ ਦੇ ਸਥਾਨਕ ਕੇਬਲ ਟੀਵੀ ਆਪਰੇਟਰਾਂ ਨੂੰ ਭਾਰਤੀ ਚੈਨਲਾਂ ਦਾ ਪ੍ਰਸਾਰਣ ਬੰਦ ਕਰਨ ਦਾ ਹੁਕਮ ਦਿੱਤਾ ਹੈ। ਉਨ੍ਹਾਂ ਚਿਤਾਵਨੀ ਦਿੱਤੀ ਕਿ ਜੇਕਰ ਹੁਕਮਾਂ ਦੀ ਪਾਲਣਾ ਨਾ ਕੀਤੀ ਤਾਂ ਸਖ਼ਤ ਕਾਰਵਾਈ ਕੀਤੀ ਜਾਵੇਗੀ। ਪੇਮਰਾ ਨੇ ਇਹ ਵੀ ਕਿਹਾ ਕਿ ਪਿਛਲੇ ਸਮੇਂ ਵਿੱਚ ਕਈ ਕੇਬਲ ਆਪਰੇਟਰਾਂ ਨੇ ਸੁਪਰੀਮ ਕੋਰਟ ਵੱਲੋਂ ਤੈਅ ਨਿਯਮਾਂ ਦੀ ਪਾਲਣਾ ਨਹੀਂ ਕੀਤੀ। ਪਾਕਿਸਤਾਨ ਨੇ ਪਹਿਲਾਂ ਵੀ ਕਈ ਵਾਰ ਭਾਰਤੀ ਫਿਲਮਾਂ ਅਤੇ ਟੀਵੀ ਚੈਨਲਾਂ 'ਤੇ ਪਾਬੰਦੀ ਲਗਾਈ ਹੈ।

## ਯੂਕੇ ਵਿੱਚ ਗੈਰ-ਕਾਨੂੰਨੀ ਕੰਮਾਂ ਵਿਰੁੱਧ ਚੱਲੀ ਮੁਹਿੰਮ, ਭਾਰਤੀ ਡਿਲੀਵਰੀ ਡਰਾਈਵਰ ਗ੍ਰਿਫ਼ਤਾਰ

ਲੰਡਨ, 27 ਅਪ੍ਰੈਲ (ਪੋਸਟ ਬਿਊਰੋ): ਯੂਕੇ ਵਿੱਚ ਫੂਡ ਸਪਲਾਈ ਕੰਪਨੀਆਂ ਲਈ ਗੈਰ-ਕਾਨੂੰਨੀ ਤੌਰ 'ਤੇ ਕੰਮ ਕਰਨ ਲਈ 60 ਮੋਪੇਡ ਡਿਲੀਵਰੀ ਡਰਾਈਵਰਾਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਇਨ੍ਹਾਂ ਵਿੱਚ ਕਈ ਭਾਰਤੀ ਸ਼ਾਮਲ ਹਨ। ਇਹ ਕਾਰਵਾਈ ਗੈਰ-ਕਾਨੂੰਨੀ ਪਰਵਾਸ ਦੇ ਖਿਲਾਫ ਇਕ ਹਫਤੇ ਤੋਂ ਚੱਲੀ ਮੁਹਿੰਮ ਦੇ ਹਿੱਸੇ ਵਜੋਂ ਕੀਤੀ ਗਈ ਹੈ। ਬ੍ਰਿਟੇਨ ਸਰਕਾਰ ਨੇ ਇਹ ਜਾਣਕਾਰੀ ਦਿੱਤੀ ਹੈ। ਗ੍ਰਿਫਤਾਰ ਕੀਤੇ ਗਏ ਡਿਲੀਵਰੀ ਡਰਾਈਵਰਾਂ ਵਿੱਚ ਭਾਰਤੀਆਂ ਤੋਂ ਇਲਾਵਾ ਬ੍ਰਾਜ਼ੀਲ ਅਤੇ ਅਲਜੀਰੀਆ ਦੇ ਲੋਕ ਵੀ ਸ਼ਾਮਲ ਹਨ। ਉਨ੍ਹਾਂ ਨੂੰ ਗੈਰ-ਕਾਨੂੰਨੀ ਕੰਮ ਕਰਨ ਅਤੇ ਜਾਅਲੀ ਦਸਤਾਵੇਜ਼ ਰੱਖਣ ਸਮੇਤ ਹੋਰ ਅਪਰਾਧਾਂ ਦੇ ਦੋਸ਼ਾਂ ਤਹਿਤ ਗ੍ਰਿਫਤਾਰ ਕੀਤਾ ਗਿਆ ਹੈ।

ਬ੍ਰਿਟੇਨ ਦੇ ਗ੍ਰਹਿ ਵਿਭਾਗ ਨੇ



ਮੰਗਲਵਾਰ ਨੂੰ ਤਾਜ਼ਾ ਅੰਕੜੇ ਜਾਰੀ ਕਰਦੇ ਹੋਏ ਦਾਅਵਾ ਕੀਤਾ ਕਿ ਭਾਰਤੀ ਹੁਣ ਛੋਟੀਆਂ ਕਿਸ਼ਤੀਆਂ 'ਤੇ ਗੈਰ-ਕਾਨੂੰਨੀ ਤਰੀਕੇ ਨਾਲ ਇੰਗਲਿਸ਼ ਚੈਨਲ ਪਾਰ ਕਰਨ ਵਾਲੇ ਪ੍ਰਵਾਸੀਆਂ ਦਾ ਦੂਜਾ ਸਭ ਤੋਂ ਵੱਡਾ ਸਮੂਹ ਹੈ। ਇਸ ਸਾਲ ਜਨਵਰੀ ਤੋਂ ਮਾਰਚ ਦਰਮਿਆਨ 675 ਦਾ ਅੰਕੜਾ ਦਰਜ ਕੀਤਾ ਗਿਆ ਹੈ।

ਗ੍ਰਹਿ ਮਾਮਲਿਆਂ ਬਾਰੇ ਮੰਤਰੀ ਸੁਏਲਾ ਬ੍ਰੇਵਰਮੈਨ ਨੇ ਕਿਹਾ ਕਿ ਗੈਰ-ਕਾਨੂੰਨੀ ਕੰਮ ਸਾਡੇ ਭਾਈਚਾਰਿਆਂ ਨੂੰ ਨੁਕਸਾਨ ਪਹੁੰਚਾਉਂਦਾ ਹੈ, ਇਮਾਨਦਾਰ ਕਰਮਚਾਰੀਆਂ ਨੂੰ ਰੁਜ਼ਗਾਰ ਤੋਂ ਵਾਂਝਾ ਕਰਦਾ ਹੈ ਅਤੇ ਜਨਤਕ ਖਜ਼ਾਨੇ ਨੂੰ ਧੋਖਾ ਦਿੰਦਾ ਹੈ। ਭਾਰਤੀ ਮੂਲ ਦੇ ਮੰਤਰੀ ਨੇ ਕਿਹਾ, ਪ੍ਰਧਾਨ ਮੰਤਰੀ ਰਿਸ਼ੀ ਸੁਨਕ ਨੇ ਕਿਹਾ ਹੈ ਕਿ ਅਸੀਂ ਆਪਣੇ ਕਾਨੂੰਨਾਂ ਅਤੇ ਸਰਹੱਦਾਂ ਦੀ ਦੁਰਵਰਤੋਂ ਨੂੰ ਰੋਕਣ ਲਈ ਹੋਰ ਤੇਜ਼ੀ ਨਾਲ ਅੱਗੇ ਵਧਣ ਲਈ ਦ੍ਰਿੜ ਹਾਂ।

ਬ੍ਰੇਵਰਮੈਨ ਨੇ ਕਿਹਾ ਕਿ ਬ੍ਰਿਟਿਸ਼ ਜਨਤਾ ਇੱਕ ਲੇਬਰ ਮਾਰਕੀਟ ਦੀ ਹੱਕਦਾਰ ਹੈ ਜੋ ਨਿਰਪੱਖ ਅਤੇ ਇਮਾਨਦਾਰ ਹੈ, ਅਤੇ ਵਿਸ਼ਵਾਸ ਹੈ ਕਿ ਉਹ ਜੋ ਸਾਮਾਨ ਅਤੇ ਸੇਵਾਵਾਂ ਖਰੀਦਦੇ ਹਨ, ਜਾਇਜ਼ ਕਾਰੋਬਾਰਾਂ ਤੋਂ ਹਨ। "ਸਾਡੀਆਂ ਇਨਫੋਰਸਮੈਂਟ ਟੀਮਾਂ ਇਮੀਗ੍ਰੇਸ਼ਨ ਅਪਰਾਧ ਨੂੰ ਰੋਕਣ ਅਤੇ ਜਨਤਕ ਸੁਰੱਖਿਆ ਨਾਲ ਸਮਝੌਤਾ ਕਰਨ ਵਾਲੇ ਵਿਵਹਾਰ ਨੂੰ ਬਦਲਣ ਲਈ ਚੌਵੀ ਘੰਟੇ ਕੰਮ ਕਰ ਰਹੀਆਂ ਹਨ।

ਬਾਬਾਣੀਆ ਕਹਾਣੀਆ ਪੁਤ ਸਪੁਤ ਕਰੇਨਿ।।
RSFO Ramgarhia Sikh Foundation of Ontario
Ramgarhia Sikh Foundation of Ontario
10th International Award 2023
Dedicated to the 300th Birth Anniversary of Maharaja Jassa Singh Ramgarhia
300 ਸਾਲਾ ਮਹਾਰਾਜਾ ਰਾਮਗੜ੍ਹੀਆ ਦੇ ਨਾਮ

| | | |
|---|---|---|
| 19th May | Welcoming Guests | 10am |
| 19th May | Lunch | 1pm to 3pm |
| 20th May | Seminar | 10am to 4pm |
| 21th May | Presentation of Awards | 10am to 4pm |

on Friday, 19th May 2023
10:00am to 6:00pm
Century Gardens Recreations Complex (Auditorium 1)
340 Vodden Street East, Brampton, ON, L6V 2N2



Bhupinder Singh Seera (647) 833-6960
Ravinder Pal Singh Sond (647) 403-6767
Gurucharan Singh (Dubai) (416) 845-1019
Mohinder Singh Kundi (647) 294-1669
Harpal Singh Matharu (416) 579 3817
Jaswinder Singh Bhachu (416) 728 2776
Baldev Singh Mankoo (647) 2089729
Karnail Singh Marwaha (416) 567 5159

Daljit S. Gaidhu Chairman 416-305-9878
Jasbir S. Sehmbi Vice Chairman 437-774-1410
Manjit S. Bhachu President 416-275-2374
Jarnail S. Matharu Treasurer 416-409-6207
Hardial S. Jheeta General Secretary 647-409-8915

Address: 7956 Torbram Road #40, Bldg-B, Brampton, ON, L6T 5A2, Canada

# ਤਰਕਸ਼ੀਲ ਸੋਸਾਇਟੀ ਵਲੋਂ ਨਾਟਕ ਮੇਲਾ 30 ਅਪਰੈਲ ਨੂੰ

ਬਰੈਂਪਟਨ:(ਡਾ ਬਲਜਿੰਦਰ ਸਿੰਘ ਸੇਖੋਂ) ਤਰਕਸ਼ੀਲ ਸੋਸਾਇਟੀ ਕਨੇਡਾ ਵਲੋਂ ਸ਼ਹੀਦ ਭਗਤ ਸਿੰਘ ਅਤੇ ਸ਼ਰੋਮਣੀ ਨਾਟਕਕਾਰ ਭਾਅ ਗੁਰਸ਼ਰਨ ਸਿੰਘ ਦੀ ਯਾਦ ਨੂੰ ਸਮਰਪਿਤ ਨਾਟਕ ਮੇਲਾ ਐਤਵਾਰ, 30 ਅਪਰੈਲ ਨੂੰ ਬਰੈਂਪਟਨ ਦੇ ਪੀਅਰਸਨ ਥੀਏਟਰ ਜੋ 150 ਸੈਂਟਰਲ ਪਾਰਕ ਡਰਾਇਵ ਤੇ ਸਥਿਤ ਹੈ, ਵਿੱਚ ਦੁਪਿਹਰ 1 ਵਜੇ ਤੋਂ 4 ਵਜੇ ਤੱਕ ਹੋਵੇਗਾ। ਇ੍ਸ ਵਿੱਚ ਕੁਲਵਿੰਦਰ ਖਹਿਰਾ ਦਾ ਲਿਖਿਆ ਅਤੇ ਰਜਿੰਦਰ ਸਿੰਘ ਦਾ ਨਿਰਦੇਸ਼ਤ ਕੀਤਾ ਨਾਟਕ 'ਮੈਂ ਕਿਤੇ ਨਹੀਂ ਗਿਆ' ਖੇਡਿਆ ਜਾਵੇਗਾ। ਇਸ ਤੋਂ ਇਲਾਵਾ ਇਸ ਪ੍ਰੋਗਰਾਮ ਵਿੱਚ ਗੀਤ ਸੰਗੀਤ, ਕੋਰੀਓਗਰਾਫ਼ੀ ਅਤੇ ਅਜੋਕੇ ਸਮਾਜਿਕ, ਆਰਥਿਕ ਮਸਲਿਆਂ ਨੂੰ ਸੰਬੋਧਿਤ ਲੈਕਚਰ ਹੋਣਗੇ। ਨਾਟਕ ਵਿੱਚ ਮੁੱਖ ਭੂਮਿਕਾ ਮੁੱਲਾਂ ਪੁਰ ਟੀਮ ਨਾਲ ਸਬੰਧਿਤ ਸੁਰਿੰਦਰ ਸ਼ਰਮਾਂ ਦੀ ਹੈ। ਸ਼ਹੀਦ ਭਗਤ ਸਿੰਘ ਅਤੇ ਉਸ ਦੇ ਸਾਥੀਆਂ ਨੇ ਅਜਿਹੇ ਸਮਾਜ ਦੀ ਸਿਰਜਣਾ ਲਈ ਕੁਰਬਾਨੀਆਂ ਕੀਤੀਆਂ ਜਿਸ ਵਿੱਚ ਮਨੁੱਖ ਹੱਥੋਂ ਮਨੁੱਖ ਦੀ ਲੁੱਟ ਖਤਮ ਹੋ ਜਾਵੇ, ਪਰ ਇਹ ਸੁਪਨਾ ਅਜੇ ਤੱਕ ਸਾਕਾਰ ਨਹੀਂ ਹੋਇਆ। ਉਸ ਦੀ ਸੋਚ ਨੂੰ



ਸਮਰਪਿਤ ਲੋਕ ਅੱਜ ਵੀ ਇਸ ਤਰ੍ਹਾਂ ਦਾ ਸਮਾਜ ਉਸਾਰਨ ਲਈ ਜਦੋ ਜਹਿਦ ਕਰ ਰਹੇ ਹਨ। ਇਹ ਪ੍ਰੋਗਰਾਮ ਇਸ ਸੋਚ ਨੂੰ ਅਗੇ ਲਿਜਾਣ ਲਈ ਇੱਕ ਕਦਮ ਹੈ।

ਕੁਝ ਕੁ ਨੂੰ ਛੱਡ ਕੇ ਜਿਆਦਾ ਤਰ ਵਿਦਿਆਰਥੀ ਪੰਜਾਬ ਵਿੱਚੋਂ ਸਭ ਕੁਝ ਦਾ ਤੇ ਲਾ ਕੇ ਕਨੇਡਾ ਆਏ ਹੋਏ ਹਨ ਅਤੇ ਬੜੀ ਮਿਹਨਤ ਕਰ ਰਹੇ ਹਨ। ਉਹ ਇੱਕੋ ਵੇਲੇ ਵਿਦਿਆਰਥੀ ਅਤੇ ਕਾਮੇ ਹਨ ਜੋ ਚੰਗੇ ਭਵਿਖ ਦੀ ਉਮੀਦ ਵਿੱਚ ਔਖੀ ਜਿੰਦਗੀ ਜਿਊਂ ਰਹੇ ਹਨ। ਕੁਝ ਲੋਕਾਂ ਵਲੋਂ ਘੱਟ ਉਜਰਤਾਂ ਦੇ ਕੇ ਉਨ੍ਹਾਂ ਦਾ ਸ਼ੋਸ਼ਣ ਵੀ ਕੀਤਾ ਜਾਂਦਾ ਹੈ। ਇਹ ਨਾਟਕ, ਕਨੇਡਾ ਵਿੱਚ ਪੜ੍ਹਨ ਅਤੇ ਫਿਰ ਪੱਕੇ ਹੋਣ ਆਏ ਇਨ੍ਹਵਾਂ ਦਿਆਰਥੀਆਂ ਦੀਆਂ ਮੁਸ਼ਕਲਾਂ ਦੁਆਲੇ ਘੁਮਦਾ ਹੈ। ਨਾਟਕ ਦੀਆਂ ਟਿਕਟਾਂ ਸੋਸਾਇਟੀ ਦੇ ਕਿਸੇ ਵੀ ਮੈਂਬਰ ਤੋਂ ਲਈਆਂ ਜਾ ਸਕਦੀਆਂ ਹਨ, ਇੱਕ ਟਿਕਟ ਦੀ ਕੀਮਤ ਸਿਰਫ 10 ਡਾਲਰ ਰੱਖੀ ਗਈ ਹੈ ਅਤੇ ਪਹਿਲਾਂ ਆਏ 20 ਵਿਦਿਆਰਥੀਆਂ ਨੂੰ ਟਿਕਟਾਂ ਮੁਫ਼ਤ ਦਿਤੀਆਂ ਜਾਣਗੀਆਂ। ਥੀਏਟਰ ਦੇ ਦਰਵਾਜ਼ੇ ਦਰਸ਼ਕਾਂ ਲਈ 12:30 ਵਜੇ ਦੁਪਿਹਰ ਖੋਲ੍ਹ ਦਿੱਤੇ ਜਾਣਗੇ ਅਤੇ ਠੀਕ 1 ਵਜੇ ਪ੍ਰੋਗਰਾਮ ਸ਼ੁਰੂ ਹੋ ਜਾਵੇਗਾ। ਪ੍ਰੋਗਰਾਮ ਬਾਰੇ ਹੋਰ ਜਾਣਕਾਰੀ ਲਈ ਜਾਂ ਟਿਕਟਾਂ ਲਈ ਬਲਰਾਜ ਸ਼ੌਕਰ (647 679 4398), ਬਲਦੇਵ ਰਹਿਪਾ (416 881 7202) ਜਾਂ ਅਮਨਦੀਪ ਮੰਡੇਰ (647 782 8334) ਨਾਲ ਸੰਪਰਕ ਕੀਤਾ ਜਾ ਸਕਦਾ ਹੈ।

# ਮੁੱਖ ਮੰਤਰੀ ਭਗਵੰਤ ਮਾਨ ਨੇ ਸ਼ਹੀਦ ਕੁਲਵੰਤ ਸਿੰਘ ਦੇ ਪਰਿਵਾਰ ਨਾਲ ਕੀਤੀ ਮੁਲਾਕਾਤ, 1 ਕਰੋੜ ਦਾ ਚੈੱਕ ਕੀਤਾ ਭੇਂਟ

ਚੰਡੀਗੜ੍ਹ, 27 ਅਪ੍ਰੈਲ ਪੋਸਟ ਬਿਊਰੋ (ਪੋਸਟ ਬਿਊਰੋ): ਮੁੱਖ ਮੰਤਰੀ ਭਗਵੰਤ ਮਾਨ ਨੇ ਅੱਜ ਛੇ ਦਿਨ ਪਹਿਲਾਂ ਜੰਮੂ-ਕਸ਼ਮੀਰ ਦੇ ਪੁੰਛ ਜ਼ਿਲ੍ਹੇ ਵਿੱਚ ਅੱਤਵਾਦੀ ਹਮਲੇ ਵਿੱਚ ਸ਼ਹੀਦ ਹੋਏ ਪੰਜਾਬ ਦੇ ਜਵਾਨਾਂ ਦੇ ਪਰਿਵਾਰਾਂ ਨਾਲ ਮਿਲ ਕੇ ਦੁੱਖ ਸਾਂਝਾ ਕਰ ਰਹੇ ਹਨ । ਇਸਦੇ ਨਾਲ ਹੀ ਸ਼ਹੀਦ ਹਰਕ੍ਰਿਸ਼ਨ ਦੇ ਪਰਿਵਾਰ ਤੋਂ ਬਾਅਦ ਹੁਣ ਮੁੱਖ ਮੰਤਰੀ ਭਗਵੰਤ ਮਾਨ ਮੋਗਾ ਪਹੁੰਚੇ, ਜਿੱਥੇ ਉਨ੍ਹਾਂ ਨੇ ਸ਼ਹੀਦ ਜਵਾਨ ਕੁਲਵੰਤ ਸਿੰਘ ਦੇ ਪਰਿਵਾਰ ਨਾਲ ਮੁਲਾਕਾਤ ਕੀਤੀ ਅਤੇ ਦੁੱਖ ਸਾਂਝਾ ਕੀਤਾ।



ਇਸ ਦੌਰਾਨ ਉਨ੍ਹਾਂ ਨੇ ਸ਼ਹੀਦ ਜਵਾਨ ਕੁਲਵੰਤ ਸਿੰਘ ਦੇ ਪਰਿਵਾਰ ਨੂੰ ਵਿੱਤੀ ਸਹਾਇਤਾ ਵਜੋਂ 1 ਕਰੋੜ ਰੁਪਏ ਦਾ ਚੈੱਕ ਭੇਂਟ ਕੀਤਾ। ਇਸ ਦੇ ਨਾਲ ਹੀ ਭਵਿੱਖ ਵਿੱਚ ਵੀ ਹਰ ਸੰਭਵ ਮਦਦ ਦਾ ਭਰੋਸਾ ਦਿੱਤਾ। ਸ਼ਹੀਦ ਕੁਲਵੰਤ ਸਿੰਘ ਦੇ ਪਿਤਾ ਵੀ ਕਾਰਗਿਲ ਜੰਗ ਦੌਰਾਨ ਦੇਸ਼ ਦੀ ਰੱਖਿਆ ਕਰਦੇ ਹੋਏ ਸ਼ਹੀਦ ਹੋ ਗਏ ਸਨ।

Grand Upholstery Ltd
Sofa Company Originality in Every Piece
ਪੁਰਾਣੇ ਸੋਫਿਆਂ ਦੀ ਮੁਰੰਮਤ ਵੀ ਕੀਤੀ ਜਾਂਦੀ ਹੈ
ਟੌਪ ਕੁਆਲਿਟੀ ਦੀ ਫੋਮ ਅਤੇ ਸਪਰਿੰਗ ਵਰਤੇ ਜਾਂਦੇ ਹਨ।
ਆਪਣੀ ਮਨਪਸੰਦ ਦਾ ਕੋਈ ਵੀ L Shape ਡਿਜਾਇਨ ਅਤੇ ਰੰਗ ਚੁਣ ਸਕਦੇ ਹੋ।
ਕੱਪੜਾ ਚਾੜ ਕੇ ਪੁਰਾਣਾ ਸੋਫਾ, ਡਾਇਨਿੰਗ ਚੇਅਰ ਨੂੰ ਨਵਿਆਂ ਵਰਗਾ ਬਣਾਉਂਦੇ ਹਾਂ
Special on Sale
ਆਰਡਰ ਦੇ ਕੇ ਨਵੇਂ ਸੋਫੇ ਦੂਜੇ ਸਟੋਰਾਂ ਨਾਲੋ ਘੱਟ ਕੀਮਤ ਉੱਤੇ ਵੀ ਲੈ ਸਕਦੇ ਹੋ
ਕੁਆਲਿਟੀ ਮੂਹੋਂ ਬੋਲਦੀ ਹੈ
Tel: 905.791.2888 Cell: 647.293.3212
2053 Williams Pkwy, Unit -45, Brampton | Email: grandupholstery@gmail.com

Dr. Randhawa Dentistry
Your own dentist who really cares for you
We Provide the following Services:
- Dental Crowns, Veneers & Bridges
- Dental Fillings & Gum Treatment
- Root Canal (RCT), Dentures, Extraction
- Kids Dentistry
- Wisdom Tooth Surgery
- Invisalign (Invisible Braces)
- Digital X-Rays System
- Teeth Cleaning & Whitening
- Cosmetic Dental Treatment

Dr. Samreet Kaur Randhawa
General Family Dentist
New Patients welcome
Deal Directly with all Insurance Companies
- ਸੀਨੀਅਰ ਡਿਸਕਾਊਂਟ
- ਅਸੀਂ ਤੁਹਾਡੀ ਭਾਸ਼ਾ ਬੋਲਦੇ ਹਾਂ
- ਐਮਰਜੈਂਸੀ ਅਤੇ ਵਾਕ ਇਨ ਸੇਵਾਵਾਂ
NEW LOCATION
10 SQUIRE ELLIS DR, UNIT 5-6
BRAMPTON, ON L6P 4K6
(MAJOR INTERSECTION: GORE RD/MAYFIELD)
Tel :905-794-5111
INVISALIGN & BRACES INCLUDING CLEAR BRACES
Invisible Braces ਜਿਹੜੀਆਂ ਕਿ ਦੂਰੋਂ ਨਜ਼ਰ ਨਹੀਂ ਆਉਂਦੀਆਂ
Show Your Smile More With Invisible Braces!
FIRST LOCATION
DENTISTRY @ BONNIE BRAES
50 CHESTERWOOD CRES, UNIT 2
BRAMPTON, ON L6Y 0Z4
(OPP. CHRUCHVILLE PUBLIC SCHOOL, JAMES POTTER / BONNIE BRAES INTERSECTION)
Tel : 905-230-9044
Mayfield Rd
Mcvean Dr
Gore Rd
Squire Ellis Dr
Countryside Dr

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
CLASSIFIEDS
Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

## Matrimonial
### ਰਿਸ਼ਤੇ ਹੀ ਰਿਸ਼ਤੇ

Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202

## ਲੜਕੀ ਦੀ ਲੋੜ

ਬਰੈਂਪਟਨ 'ਚ 4 ਸਾਲ ਤੋਂ ਵਰਕ ਪਰਮਿਟ ਰਿਫਿਊਜੀ ਕੇਸ 'ਤੇ ਰਹਿੰਦੇ ਜੱਟ ਸਿੱਖ, ਨਸ਼ਿਆਂ ਤੋਂ ਰਹਿਤ, ਉਮਰ 31 ਸਾਲ, ਟਰੱਕ ਡਰਾਇਵਰ ਦੀ ਜੌਬ ਕਰਦੇ ਲੜਕੇ ਲਈ ਕੈਨੇਡੀਅਨ ਪੀਆਰ ਜਾਂ ਸਿਟੀਜਨ ਲੜਕੀ ਦੀ ਲੋੜ ਹੈ। ਬਿਨਾਂ ਬੱਚੇ ਤੋਂ ਤਲਾਕਸ਼ੁਦਾ ਲੜਕੀ 'ਤੇ ਵੀ ਵਿਚਾਰ ਕੀਤਾ ਜਾਵੇਗਾ। ਮੈਰਿਜ ਬਿਊਰੋ ਵਾਲੇ ਫੋਨ ਨਾ ਕਰਨ। ਫੋਨ: 3652284327 ਜਾਂ 4374380242 ਜਾਂ ਵਟਸਅਪ 'ਤੇ ਵੀ ਸੰਪਰਕ ਕੀਤਾ ਜਾ ਸਕਦਾ ਹੈ।

ਲੁਬਾਣਾ ਸਿੱਖ ਲੜਕਾ ਕੈਨੇਡੀਅਨ ਸਿਟੀਜ਼ਨ, ਉਮਰ 29, ਹਾਈਟ 5 ਫੁੱਟ 8 ਇੰਚ, ਸੈਲਫ ਇੰਪਲਾਇਡ ਲਈ ਬੀਐੱਸਸੀ ਨਰਸਿੰਗ ਜਾਂ ਵਰਕ ਪਰਮਿਟ 'ਤੇ ਆਈ ਲੜਕੀ ਦੀ ਜ਼ਰੂਰਤ ਹੈ। ਲੁਬਾਣਾ ਬਰਾਦਰੀ ਨੂੰ ਪਹਿਲ ਦਿੱਤੀ ਜਾਵੇਗੀ। ਸੰਪਰਕ: 7093510275

Looking for a Suitable match for Khatri Punjabi boy 36 yrs old 5,6.Boy have multiple Visitor Visa. Legally Divorced after a Short Marriage no issue .Boy is in Canada right now. Sister Well Settled in Toronto. No Caste bar, looking for Canadian P.R. or Citizen Contact on 6473004877 Email :- komal1128@gmail.com

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ 'ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at +1 9734209701, 437-770-3644 or email at ssjuneja@gmail.com.

ਸੈਲ ਐਂਡ ਫਿਕਸ
ਟ੍ਰਕ ਡਰਾਇਵਰਾਂ ਤੇ ਸਟੂਡੈਂਟਾਂ ਲਈ ਧਮਾਕੇਦਾਰ ਤੇ ਸਸਤੇ ਫੋਨ ਪਲੈਨ।
ਫੋਨ: 905-790-9999
2565 Steeles Ave E unit 3, Brampton, ON L6T 4L6

A-One Drivers TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
- ਮੁਫਤ ਪਿਕਅਪ ਅਤੇ ਡਰਾਪ ਆਫ਼
- ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
- ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
- ਵਾਜਿਬ ਕੀਮਤ
ਲੇਡੀ ਇੰਸਟ੍ਰਕਟਰ
647-998-7500 ਬਲਵਿੰਦਰ

## ਲੜਕੀ ਦੀ ਲੋੜ

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5'9", ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ। ਸੰਪਰਕ: 437-223-2664

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5'11", B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਅੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5"8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

ਜੱਟ ਸਿੱਖ ਲੜਕਾ ਉਮਰ 35 ਸਾਲ ਕੱਦ 5'11" ਕਨੇਡੀਅਨ ਜਮ-ਪਲ, ਗੌਰਮਿੰਟ ਨੌਕਰੀ ਕਰਦਾ ਹੈ, ਦੇ ਵਾਸਤੇ ਲੜਕੀ ਦੀ ਲੋੜ ਹੈ। ਲੜਕੀ ਸਿੱਖ ਪਰਵਾਰ ਦੀ ਹੋਵੇ ਕੋਈ ਜਾਤ ਪਾਤ ਨਹੀਂ, ਲੜਕੀ ਪੀਆਰ ਜਾਂ ਸਟੂਡੈਂਟ ਹੋਵੇ ਤਾਂ ਵੀ ਵਿਚਾਰ ਕੀਤੀ ਜਾ ਸਕਦੀ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: (647)297-6661

Visions of Punjab
VISION ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Cell:416-587-5520
Email: iqbalmahal46@gmail.com
Natasha Mahal Co-Host
Iqbal Mahal Producer & Host
Serving the South Asian Community Since 1976

## ਲੜਕੇ ਦੀ ਲੋੜ

Need suitable match for 58 years old Hindu (Khatri) lady (Non Manglik), Height 5'3". Seeking a trustworthy man upto 65 years. Contact :- 647-323-5428.

Qualified match for beautiful never married Punjabi Khatri girl 5'7" 35 years Software Engineer at Toronto .Canada PR. Well settled in IT job . Good family.call +16475649350 email marti.mail.20@gmail.com

Saini Sikh family seeks a suitable match for their beautiful daughter, born and raised in Canada, 36 years old, slim, 5'4" tall, has a bachelor's degree, has a good job, divorced after short marriage. The boy should be educated, well settled, handsome, Canadian born. Please send bio-data and pictures on whatsapp. Phone :- 437-288-6010. Caste no bar.

'Qualified match for beautiful never married 81 born girl, Canada PR, well settled in job with Pharma co at Toronto. Call: +16475649350, Email: skvmatri49@gmail.com

Seeking a suitable match for Canadian citizen Ramdasia Sikh (GNM). Born August 1987 and height 5'1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjotdahiya@gmail.com Contact number-+17802222608, +919988297352

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com

(905)793-2202
You can Place Your Business Here
To Reach Wider Audience
For more info Call 905-793-2202 or e-mail ads@punjabipost.ca

STARLANE PAINTING
Residential ▪ Commercial ▪ Industrial
• Hotel • Motel • Exterior
• Interior • Spray Painting
• Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
416.230.4000 • 647.409.1092
www.STARLANEPAINTING.com
ਹਰਜੀਤ ਧਨੋਆ

## ਲੜਕੇ ਦੀ ਲੋੜ

Saini Sikh family living in Ontario seeks suitable match for their beautiful daughter born in India and raised in Canada since 2005, 27-year-old, slim 5'3" tall has a bachelor degree and a good job. Boy should be Sikh, educated, living and working in Canada. Please contact on +1 (289) 707- 4366.

ਕੈਨੇਡਾ ਪੀ ਆਰ ਲੜਕੀ ਲਈ ਵਰ ਦੀ ਲੋੜ, 1991/5'3", ਲਈ ਸ਼ੁਧ ਵੈਸ਼ਨੂੰ ਲੜਕੇ ਦੀ ਲੋੜ। ਕੈਨੇਡਾ ਨੂੰ ਪਹਿਲ। ਸੰਪਰਕ: 9855238175

ਜੱਟ ਸਿੱਖ 1996/5'-3", ਇੰਟਰਨੈਸ਼ਨਲ ਬਿਜ਼ਨੈੱਸ ਮੈਨੇਜਮੈਂਟ (ਕੈਨੇਡਾ ਪੀ-ਆਰ) ਲੜਕੀ ਲਈ ਕੈਨੇਡਾ ਪੀਆਰ/ਨਾਨ-ਪੀਆਰ ਲੜਕਾ ਚਾਹੀਦਾ ਹੈ। ਮਾਲਵੇ ਨੂੰ ਤਰਜੀਹ। ਸੰਪਰਕ:9478403300

ਕੈਨੇਡਾ ਪੀ ਆਰ ਲੜਕੀ ਨਾਈ ਸਿੱਖ /ਲੱਖਣਪਾਲ ਲਈ ਸ਼ੁਧ ਵੈਸ਼ਨੂੰ ਵਰ ਦੀ ਲੋੜ। ਤਰਜੀਹ ਕੈਨੇਡਾ। ਜਨਮ 13/12/1991, ਕੱਦ 5'7", ਭਾਰਤ ਤੋਂ M.Com ਅਤੇ ਕੈਨੇਡਾ ਤੋ ਪੋਸਟ ਗਰੈਡ ਡਿਪਲੋਮਾ HRM ਇੱਕ ਭੈਣ ਤੇ ਇੱਕ ਭਰਾ ਵਿਆਹੇ ਦੋਵੇ ਕੈਨੇਡਾ PR ਫੋਨ +12049148700 +919569557850

ਜੱਟ ਸਿੱਖ ਗਿੱਲ ਪਰਿਵਾਰ ਦੀ ਸੁੰਦਰ ਤੇ ਸੁਸ਼ੀਲ ਲੜਕੀ, ਜਨਮ ਮਿਤੀ 04-02-1991, ਕੱਦ 5 ਫੁੱਟ 3 ਇੰਚ, ਬੀਐਸਸੀ, ਐਮਐਸਸੀ (ਹਾਨਰਜ਼) ਬਾਇਓਫਿਜਿਕਸ + ਐਲਐਲਬੀ ਕੀਤੀ ਹੋਈ ਹੈ। ਆਈਲੈਟਸ ਵਿਚੋਂ 8 ਬੈਂਡ ਹਨ। ਐਕਸਪ੍ਰੈਸ ਐਂਟਰੀ ਵਿਚ ਇੰਡੀਆ ਤੋਂ ਕੈਨੇਡਾ ਪੀਆਰ ਦੀ ਫਾਈਲ ਲੱਗੀ ਹੋਈ ਹੈ। ਅੱਜ ਕੱਲ੍ਹ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਵਕੀਲ ਹੈ। ਲੜਕੀ ਨਾਨ ਵੈਜ ਖਾ ਲੈਂਦੀ ਹੈ। ਪੂਰਾ ਪਰਿਵਾਰ ਕੋਟਕਪੂਰਾ, ਜਿਲਾ ਫਰੀਦਕੋਟ, ਪੰਜਾਬ ਵਿਖੇ ਰਹਿ ਰਿਹਾ ਹੈ। ਨਿਊਕਲੀਅਰ ਪਰਿਵਾਰ ਹੈ, ਇਕ ਭਰਾ ਕੈਨੇਡਾ ਵਿਚ ਪੀਆਰ ਹੈ। ਲੜਕੀ ਦੇ ਪਿਤਾ ਪੰਜਾਬ ਪੁਲਸ ਵਿਚ ਨੌਕਰੀ ਕਰ ਰਹੇ ਹਨ। ਲੜਕੀ ਲਈ ਜੱਟ ਸਿੱਖ ਪਰਿਵਾਰ ਦੇ ਕੈਨੇਡਾ ਜਾਂ ਅਮਰੀਕਾ ਵਿਚ ਰਹਿੰਦੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਸੰਪਰਕ:- ਕੈਨੇਡਾ +16476866500

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਉਮਰ 35 ਸਾਲ ਕੱਦ 5'11" ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5'2" ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664

ਜੱਟ ਸਿੱਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂ MBA ਅਤੇ ਕੈਨੇਡਾ ਤੋਂ Marketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇੱਥੇ Health Care Screener ਦੇ ਤੌਰ 'ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com

# ਓਨਟਾਰੀਓ ਸਿੱਖ ਐਂਡ ਗੁਰਦੁਆਰਾ ਕੌਂਸਲ

# Ontario Sikhs & Gurdwara Council celebrates




## Better Living Centre(CNE Grounds Toronto) To Nathan Philips Square (Toronto City Hall)

ਖਾਲਸਾ ਜੀ ਦੇ ਬੋਲਬਾਲੇ ਅਤੇ ਸਿੱਖ ਕੌਮ ਦੀ ਚੜ੍ਹਦੀ ਕਲਾ ਦੇ ਪ੍ਰਤੀਕ ਖਾਲਸਾ ਸਾਜਨਾ ਦਿਵਸ ਦੇ ਸੰਬੰਧ ਵਿੱਚ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਓਨਟਾਰੀਓ ਸਿੱਖ ਐਂਡ ਗੁਰਦੁਆਰਾ ਕੌਂਸਲ ਵੱਲੋਂ ਮਹਾਨ ਨਗਰ ਕੀਰਤਨ 30 ਅਪ੍ਰੈਲ ਦਿਨ ਐਤਵਾਰ ਨੂੰ ਟੋਰਾਂਟੋ ਡਾਊਨਟਾਊਨ ਵਿਖੇ ਆਯੋਜਿਤ ਕੀਤਾ ਜਾ ਰਿਹਾ ਹੈ।

Sikh Heritage Month

## PROGRAMME

## ਪ੍ਰੋਗਰਾਮ

### CNE Programme

9:00 am to 12.00 pm

Start of Kirtan by Ragis, Dhadi Jathas from around the world (At CNE Ground )

12:00 noon - 12.30 pm

Anand Sahib & Ardas

1:00 pm

Start of Nagar Kirtan

### Toronto City Hall Programme

11:00AM to 3:30PM

Kirtan by Ragis, Dhadis and Katha

3:30PM to 5:00PM

Speakers, Invited Guests and Leaders from all levels of Government

Closing

### PARKING

There is plenty of underground parking at Nathan Phillip Square, Toronto City Hall at a very reasonable flat rate for all day.

**TTC INFO 393 4636** Nathan Phillip Square, Toronto City Hall is easily accessible by TTC as it is directly above Queen St Subway Station

**PLANNED LOCATION FOR BUSES - WHEN LEAVING CITY HALL**

**HAPPY KHALSA DAY TO ALL THE SANGAT**

**NEED HELP/ ASSISTANCE ON THE DAY**

Ask the GGSCF volunteers, they will be wearing a "yellow T-shirt or traffic vest" OR CALL

**416-873-4507**

Note these are planned locations sometimes the buses end up at slightly different locations so check you are getting on the right bus. All buses are signed with route numbers.


Out of Town Buses, please check at Bus Information Center (at south-east corner of Armoury/University) we will let you know where you bus is.

Please be patient on the day. Let the elderly or those with small children get on first and assist them where possible, able bodied person should try to sit at the back of the bus.

There is always a wait when there is a lot of Sangat and buses have to make double trips. During this time be patient, sit if you can, the volunteers will stay until everyone has left.

If you need a ride please be at the stop latest 6:00pm so we can assess the number of buses that we need to call back to make a second trip.


**WANT TO HELP OR VOLUNTEER:** Please reach out to us as soon as possible but at least one week before the event so that we can provide you with all the information of how you can assist. Send email to **mail@ggscf.com** to us know your name, age, phone number, local Gurdwara so we can contact you. We appreciate we cannot accept walk up part-time help on the day but you can assist the sangat anywhere if it is very busy.




## Buses also run from Albion Mall

## KHALSA DAY DOWNTOWN NAGAR KIRTAN - APRIL 30, 2023

## BUS INFORMATION




| | | | |
|---|---|---|---|
| 1 | Shuttle Bus - City Hall to CNE | University Ave/Armoury Street | 9:30am to 10:30am/4:00pm to 5:30pm |
| 2 | Burlington L7P 4P2 | 2400 Guelph Line (No Frills) | 9:30am/5:00pm |
| 3 | Gursikh Sabha Canada M1V 4X1 | 905 Midlefield Road, Scarborough | 9:30am to 10:30am/4:00pm to 5:30pm |
| 3B | Ajax/Pickering L1S 1R6 | 1899 Brock Road, Pickering | 9:30am/5:00pm |
| 3C | Durham Region L1H 7K4 | 1410 Stevenson Road, North Oshawa | 9:30am/5:00pm |
| 4 | Ontario Khalsa Darbar L5S 1B7 | 7080 Dixie Road, Mississauga | 9:30am to 10:30am/4:00pm to 5:30pm |
| 5 | Nanaksar Gurdwara L6Y 4V7 | 64 Timberlane Drive/McLaughlin Road | 9:30am to 10:30am/4:00pm to 5:30pm |
| 6 | Ramgarhia Gurdwara M9M 2M8 | 140 Rivalda Road, North York | 9:30am/5:00pm |
| 7 | Sikh Heritage Centre - Mayfield L6R 0C7 | 11796 Airport Road, North Brampton | 9:30am/5:00pm |
| 8B | Rexdale Singh Sabha M9V 3Y8 | 47 Baywood Drive, Etobicoke | 9:30am to 10:30am/4:00pm to 5:30pm |
| 9 | Dasmesh Darbar L6P 2P7 | 4525 Ebenezer Road (near Gore Road) | 9:30am to 10:30am/4:00pm to 5:30pm |
| 10 | Guru Nanak Mission L6R 2H7 | Peter Robertson Road/Dixie Road | 9:30am to 10:30am/4:00pm to 5:30pm |
| 11 | Out of Town Buses | Barrie, Guelph, Hamilton, Kitchener, Private buses & other cities/towns | Check with your Gurdwara for details |

### GOING DOWNTOWN

In the morning come early to avoid the rush or being disappointed if bus is late and Lakeshore has been closed the bus will go straight to City Hall. Most buses depart early 9:30am to 10:00am for the Better Living Centre where there is a Diwan with Kirtan and Langar, prior to the start of the Nagar Kirtan.

### DRIVING DOWNTOWN - SHUTTLE

If you can drive yourself please do so, drop your family at the Better Living Centre, then go to City Hall and park below Nathan Philips Square (Paid Parking). Then catch the shuttle between 9:30am to 10:30am in the morning and join up with your family at the Better Living Centre to take part in the Nagar Kirtan. Try not to have the whole family take the shuttle as space is limited. If you park at the CNE in the morning, there are shuttle buses that also operate from 4:00pm to 5:30pm.

**Note:** Shuttle buses do not operate when Lakeshore Road is closed for the Nagar Kirtan. Those who come late in the morning and miss the shuttle, you can take the TTC, taxi, Uber or walk.

### COMING BACK FROM DOWNTOWN

The first buses start to leave at 4:00pm for seniors or those with small children. Going home from City Hall is the most busy time as everyone wants to leave at the same time and the roads are busy and the buses take longer if they are making more than one trip. Be patient we will stay until everyone has left.

### SENIORS/SMALL CHILDREN

Due to the number of people attending, things can get difficult for the elderly or those with young children. Unfortunately not everyone is courteous in giving them priority, so we recommend come early and leave early so avoid having to wait for long periods of time. If things are too busy find a comfortable spot to sit and wait until the rush has finished.

### SAFETY

Please only cross vehicular traffic roadways at pedestrian crossings or with right-of-way at traffic signals. Do not run or follow others. Please line up for your bus, stay in line and do allows others to push in, we cannot police this as there are too many people, do not push, when you get on the bus go to the back and fill up seats, this way we do not have to keep checking if there are any empty seats. There are a lot of bicycle lanes now and you need to be extra careful when getting on and off buses so pay extra attention. Sight lines for the bus driver are difficult so keep away from blind spots and the back of buses. Think about the others, especially the elderly or those with small children, remember what we are celebrating and help them if you can.

### OUT OF TOWN BUSES

Out of town buses cannot leave until all those who came are on-board. For this reason we will have them park on Edward Street (see map) and if that fills up then on Elm Street. Once the buses have parked - we will relay the location to the Bus Information Center to avoid you walking around trying to find your bus. Because of parking issues it is too easy to pre-locate these buses. The buses on University Avenue are for those who stop fill up and leave making room for additional buses.

### NEED HELP ON THE DAY

Ask the Guru Gobind Singh Children's Foundation (GGSCF) volunteers, they will be wearing a "yellow T-shirt or traffic vest".

**Bus Information**

In the morning there is a booth inside the Better Living Centre where we can help you as to where your return bus location is, it is also printed in this magazine. In the afternoon/evening there will be a Bus Information Centre at the corner of Armoury/ University (see map), we will be there until everyone has left.

**Questions: 416-873-4507**